

ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਪਿਆਰ ਅਤੇ ਸਹਿਯੋਗ ਦਾ ਦਿਲੋਂ ਧੰਨਵਾਦ

ਮੁੱਖ ਸੰਪਾਦਕ : ਅਮਨਦੀਪ ਮਹਿਰਾ

ਰੋਜਾਨਾ ਸੱਚ ਤੇ ਨਿਡਰ ਆਵਾਜ

# ਲੋਕ ਬਾਣੀ

Email : Lokbani08@gmail.com

22 ਮਾਰਚ 2023

ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)




R.N.I. /Punpun/29016/2008/ ● ਸਾਲ : 15 ● ਅੰਕ : 79 ● ਮੁੱਲ : 5.00 ਰੁਪਏ ● ਕੁੱਲ ਪੇਜ : 10 ● ਫੈਕਸ: 0181-2211009, 99155-94111

## ਖਾਲਿਸਤਾਨੀਆਂ ਨੂੰ ਦਿੱਤੀ ਬ੍ਰਿਟੇਨ ਦੇ ਸੰਸਦ ਮੈਂਬਰ ਨੇ ਚੇਤਾਵਨੀ



**ਨਵੀਂ ਦਿੱਲੀ/ਕਪੂਰ**

ਬ੍ਰਿਟੇਨ ਦੇ ਸੰਸਦ ਮੈਂਬਰ ਬੌਬ ਬਲੈਕਮੈਨ ਨੇ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ 'ਤੇ ਖਾਲਿਸਤਾਨੀ ਸਮਰਥਕਾਂ ਵੱਲੋਂ ਕੀਤੇ ਗਏ ਹਮਲੇ 'ਤੇ ਗੁੱਸਾ ਜ਼ਾਹਰ ਕੀਤਾ ਹੈ। ਖਾਲਿਸਤਾਨੀ ਸਮਰਥਕਾਂ ਨੂੰ ਚੇਤਾਵਨੀ ਦਿੰਦੇ ਹੋਏ ਸਾਂਸਦ ਬੌਬ ਨੇ ਲੰਡਨ ਪੁਲਿਸ ਨੂੰ ਉਨ੍ਹਾਂ ਖਿਲਾਫ ਸਖਤ ਕਾਰਵਾਈ ਕਰਨ ਲਈ ਕਿਹਾ ਹੈ। ਬੌਬ ਨੇ ਕਿਹਾ, 'ਸਿੱਖ ਕੌਮ ਦਾ ਬਹੁਤ ਛੋਟਾ ਵਰਗ ਹੈ ਜੋ ਖਾਲਿਸਤਾਨ ਦਾ ਸਮਰਥਨ ਕਰਦਾ ਹੈ। ਇਸ ਦੇਸ਼ ਵਿੱਚ ਸਿੱਖਾਂ ਦੀ ਵੱਡੀ ਬਹੁਗਿਣਤੀ ਖਾਲਿਸਤਾਨੀ ਪ੍ਰੋਜੈਕਟ ਅਤੇ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਰੱਦ ਕਰਦੀ ਹੈ... ਅਤੇ ਅਸੀਂ ਇਹ ਜਾਣਦੇ ਹਾਂ।

## ਪੰਜਾਬ ਸਮੇਤ ਉੱਤਰ ਭਾਰਤ 'ਚ ਭੂਚਾਲ ਦੇ ਲੱਗੇ ਝਟਕੇ

**ਜਲੰਧਰ/ਹਰਬੰਸ ਬਿੱਟੂ**

ਪੰਜਾਬ ਸਮੇਤ ਉੱਤਰੀ ਭਾਰਤ ਦੇ ਕਈ ਸੂਬਿਆਂ ਵਿਚ ਰਾਤ 10.17 ਮਿੰਟ ਤੇ ਭੂਚਾਲ ਦੇ ਤੇਜ਼ ਝਟਕੇ ਮਹਿਸੂਸ ਕੀਤੇ ਗਏ। ਵੇਰਵਿਆਂ ਮੁਤਾਬਕ ਭੂਚਾਲ ਦਾ ਕੇਂਦਰ ਅਫ਼ਗਾਨਿਸਤਾਨ ਦਾ ਹਿੰਦੂ ਕੁਸ਼ ਖੇਤਰ ਸੀ। ਰਿਕਟਰ ਪੈਮਾਨੇ ਉਤੇ ਇਸ ਦੀ ਤੀਬਰਤਾ 6.8 ਮਾਪੀ ਗਈ ਹੈ। ਭੂਚਾਲ ਕਰੀਬ 184 ਕਿਲੋਮੀਟਰ ਦੀ ਗਹਿਰਾਈ ਉਤੇ ਆਇਆ ਹੈ। ਦਿੱਲੀ ਸਣੇ ਪੰਜਾਬ, ਹਰਿਆਣਾ, ਚੰਡੀਗੜ੍ਹ ਤੇ ਹੋਰਾਂ ਇਲਾਕਿਆਂ ਵਿਚ ਭੂਚਾਲ ਦੇ ਝਟਕੇ ਲੱਗਣ 'ਤੇ ਲੋਕ ਘਰਾਂ ਤੋਂ ਬਾਹਰ ਆ ਗਏ।

## ਜਲੰਧਰ ਦੇ ਨਿਗਮ ਅਧਿਕਾਰੀ ਸਮੇਤ ਦਲਾਲ ਗ੍ਰਿਫ਼ਤਾਰ

**ਜਲੰਧਰ/ਲੋਕ ਬਾਣੀ**

ਜਲੰਧਰ ਤੋਂ ਵੱਡੀ ਖਬਰ ਆ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਨਗਰ ਨਿਗਮ ਦਾ ਇੱਕ ਅਧਿਕਾਰੀ ਵਿਜੀਲੈਂਸ ਵੱਲੋਂ ਫੜਿਆ ਗਿਆ ਹੈ, ਵਿਜੀਲੈਂਸ ਵੱਲੋਂ ਫੜਿਆ ਗਿਆ ਇਹ ਅਧਿਕਾਰੀ ਪਹਿਲਾਂ ਬਿਲਡਿੰਗ ਬਰਾਂਚ ਵਿੱਚ ਏ.ਟੀ.ਪੀ ਦਾ ਕੰਮ ਦੇਖ ਰਿਹਾ ਸੀ, ਪਰ ਉਸ ਨੂੰ ਕੁਝ ਦਿਨ ਪਹਿਲਾਂ ਬਿਲਡਿੰਗ ਬਰਾਂਚ ਤੋਂ ਹਟਾ ਦਿੱਤਾ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਇਸ ਅਧਿਕਾਰੀ ਨਾਲ ਸ਼ਹਿਰ ਦਾ ਇੱਕ ਆਜ਼ਾਦ ਆਗੂ ਵੀ ਸੀ। ਇਹ ਪਾਖੰਡੀ ਆਗੂ ਕਦੇ ਅਕਾਲੀ ਦਲ ਵਿੱਚ ਸੀ, ਬਾਅਦ ਵਿੱਚ ਕਾਂਗਰਸ ਵਿੱਚ ਆ ਗਿਆ ਅਤੇ ਹੁਣ ਆਪਣੇ ਆਪ ਨੂੰ ਭਾਜਪਾ ਆਗੂ ਦੱਸਦਾ ਹੈ। ਜਾਣਕਾਰੀ ਅਨੁਸਾਰ ਬੀਐਮਸੀ ਚੌਕ ਨੇੜੇ ਇੱਕ ਕਲੋਨਾਈਜ਼ਰ ਨਾਲ ਰਿਸ਼ਵਤ ਦਾ ਲੈਣ-ਦੇਣ ਹੋ ਰਿਹਾ ਸੀ। ਇਸ ਦੀ ਸ਼ਿਕਾਇਤ ਪੰਜਾਬ ਵਿਜੀਲੈਂਸ ਬਿਊਰੋ ਨੂੰ ਕੀਤੀ ਗਈ। ਵਿਜੀਲੈਂਸ ਬਿਊਰੋ ਨੇ ਅੱਜ ਜਾਲ ਵਿਛਾ ਕੇ 'ਆਰ' ਨਾਮੀ ਨਿਗਮ ਅਧਿਕਾਰੀ ਨੂੰ ਫੜ ਲਿਆ। ਜਦੋਂ ਕਿ 'ਏ' ਨਾਮੀ ਪੰਥਕ ਆਗੂ ਭੱਜ ਗਿਆ

## ਪੰਜਾਬ ਦੇ 6 ਸ਼ਹਿਰਾਂ ਵਿੱਚ ਕੱਲ ਤੱਕ ਇੰਟਰਨੈੱਟ ਰਹੇਗਾ ਬੰਦ

**ਜਲੰਧਰ/ਰਾਕੇਸ਼ ਵਰਮਾ**

ਪੰਜਾਬ ਦੇ 6 ਜ਼ਿਲ੍ਹਿਆਂ ਵਿੱਚ 23 ਮਾਰਚ ਨੂੰ ਦੁਪਹਿਰ 12 ਵਜੇ ਤੱਕ ਮੋਬਾਈਲ ਇੰਟਰਨੈੱਟ ਅਤੇ ਐੱਸਐੱਮਐੱਸ ਸੇਵਾਵਾਂ ਬੰਦ ਰਹਿਣਗੀਆਂ, ਜਦੋਂ ਕਿ ਬਾਕੀ ਜ਼ਿਲ੍ਹਿਆਂ ਵਿੱਚ ਇਹ ਸੇਵਾ ਅੱਜ ਦੁਪਹਿਰ 12 ਵਜੇ ਬਹਾਲ ਕਰ ਦਿੱਤੀ। ਇਹ ਆਦੇਸ਼ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੇ ਜਾਰੀ ਕੀਤੇ ਹਨ। ਪੰਜਾਬ ਸਰਕਾਰ ਵੱਲੋਂ ਜਾਰੀ ਆਦੇਸ਼ ਅਨੁਸਾਰ ਤਰਨਤਾਰਨ, ਫਿਰੋਜ਼ਪੁਰ, ਸੰਗਰੂਰ, ਮੋਗਾ, ਅੰਮਿ ?ਤਸਰ ਦਾ ਅਜਨਾਲਾ ਅਤੇ ਮੁਹਾਲੀ ਦੇ ਕੁਝ ਇਲਾਕਿਆਂ ਵਿੱਚ ਇੰਟਰਨੈੱਟ ਤੇ ਐੱਸਐੱਮਐੱਸ ਸੇਵਾ ਬੰਦ ਰਹੇਗੀ। ਪੰਜਾਬ ਪੁਲੀਸ ਵੱਲੋਂ ਸ਼ੁੱਕਰਵਾਰ ਨੂੰ ਪੰਜਾਬ ਦੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਕਾਰਕੁਨਾਂ ਖ਼ ?ਲਾਫ਼ ਅਪਰੇਸ਼ਨ ਵਿੱਢਿਆ ਹੋਇਆ ਹੈ। ਇਸੇ ਕਰ ਕੇ ਸੂਬੇ ਵਿਚ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਪੰਜਾਬ ਸਰਕਾਰ ਵੱਲੋਂ ਇੰਟਰਨੈਟ ਸੇਵਾਵਾਂ ਨੂੰ ਮੁਅੱਤਲ ਕੀਤਾ ਹੋਇਆ ਹੈ। ਪੰਜਾਬ ਵਿੱਚ ਸ਼ੁੱਕਰਵਾਰ ਦੁਪਹਿਰ ਤੋਂ ਇੰਟਰਨੈੱਟ ਸੇਵਾ ਬੰਦ ਹੈ।

## ਸੁਖਬੀਰ ਬਾਦਲ ਨੂੰ ਮਿਲੀ ਹਾਈਕੋਰਟ ਵਲੋਂ ਅਗਾਊ ਜਮਾਨਤ

**ਚੰਡੀਗੜ੍ਹ/ਵਿਨੋਦ ਸ਼ਰਮਾ**

ਕੋਟਕਪੂਰਾ ਗੋਲੀਕਾਂਡ ਮਾਮਲੇ ਵਿਚ ਨਾਮਜ਼ਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਹਾਈ ਕੋਰਟ ਵਲੋਂ ਵੱਡੀ ਰਾਹਤ ਦਿੱਤੀ ਗਈ ਹੈ। ਅਦਾਲਤ ਵਲੋਂ ਉਨ੍ਹਾਂ ਨੂੰ ਅਗਾਊਂ ਜ਼ਮਾਨਤ ਮਿਲ ਗਈ ਹੈ। ਦੱਸ ਦਈਏ ਕਿ ਫ਼ਰੀਦਕੋਟ ਅਦਾਲਤ ਨੇ ਇਨ੍ਹਾਂ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ। ਹੁਣ ਹਾਈਕੋਰਟ ਨੇ ਸਰਕਾਰ ਨੂੰ ਇਸ ਮਾਮਲੇ ਵਿਚ ਸਟੇਟ ਰਿਪੋਰਟ ਦਾਖ਼ਲ ਕਰਨ ਲਈ ਕਿਹਾ ਹੈ।



## ਪੰਜਾਬ ਵਿੱਚ ਭਾਰੀ ਫੋਰਸ ਮੌਜੂਦ, ਫੇਰ ਵੀ ਹੋਈ ਲੁੱਟ

**ਅੰਮ੍ਰਿਤਸਰ/ਵਿਰਦੀ**

ਦੇਰ ਸ਼ਾਮ ਅਜਨਾਲਾ ਦੇ ਮੁਹੱਲਾ ਰਾਮ ਨਗਰ ਵਿਖੇ ਦੋ ਨਕਾਬਪੋਸ਼ ਲੁਟੇਰੇ ਹਥਿਆਰਾਂ ਦੀ ਨੋਕ 'ਤੇ ਇਕ ਜਿਊਲਰਜ਼ ਦੇ ਘਰੋਂ ਕਰੀਬ 2 ਲੱਖ ਰੁਪਏ ਅਤੇ 8 ਤੋਲੇ ਸੋਨੇ ਦੇ ਗਹਿਣੇ ਖੋਹ ਕੇ ਫ਼ਰਾਰ ਹੋ ਗਏ । ਡੀ.ਐਸ.ਪੀ. ਪ੍ਰਵੇਸ਼ ਚੋਪੜਾ ਸਮੇਤ ਵੱਡੀ ਗਿਣਤੀ 'ਚ ਪੁਲਿਸ ਫੋਰਸ ਵਲੋਂ ਮੌਕੇ 'ਤੇ ਪਹੁੰਚ ਕੇ ਸਾਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਬਠਿੰਡਾ ਵਿੱਚ ਅੰਮ੍ਰਿਤਪਾਲ ਦੇ ਹੱਕ 'ਚ ਕੱਢਿਆ ਗਿਆ ਮਾਰਚ

**ਬਠਿੰਡਾ/ਲੋਕ ਬਾਣੀ**




'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀ ਸਮੱਰਥਕਾਂ ਦੇ ਹੱਕ ਵਿਚ ਸੰਗਤਾਂ ਨੇ ਬਠਿੰਡਾ ਸ਼ਹਿਰ ਵਿਚ ਰੋਸ ਮਾਰਚ ਕੱਢਿਆ ਅਤੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ। ਮਾਰਚ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮਿ ?ਰਸਰ) ਦੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਬਾਲਿਆਂਵਾਲੀ ਅਤੇ ਲੱਖਾ ਸਿਧਾਣਾ ਆਦਿ ਸਮੇਤ ਹੋਰ ਆਗੂ ਵੀ ਮੌਜੂਦ ਸਨ।

## ਦੇਸ਼ 'ਚ ਲਿਆਂਦਾ ਜਾਵੇਗਾ ਜ਼ਾਕਿਰ ਨਾਇਕ

**ਦਿੱਲੀ/ਕਪੂਰ**

ਕੱਟੜਪੰਥੀ ਇਸਲਾਮੀ ਪ੍ਰਚਾਰਕ ਜ਼ਾਕਿਰ ਨਾਇਕ ਨੂੰ ਓਮਾਨ ਤੋਂ ਭਾਰਤ ਡਿਪੋਰਟ ਕੀਤਾ ਜਾ ਸਕਦਾ ਹੈ। ਨਾਇਕ 23 ਮਾਰਚ ਤੋਂ ਓਮਾਨ ਦੇ ਦੌਰੇ 'ਤੇ ਜਾ ਰਿਹਾ ਹੈ, ਜਿਸ ਦੌਰਾਨ ਭਾਰਤੀ ਖੁਫੀਆ ਏਜੰਸੀਆਂ ਉਸ ਨੂੰ ਹਿਰਾਸਤ 'ਚ ਲੈਣ ਲਈ ਓਮਾਨ ਦੇ ਅਧਿਕਾਰੀਆਂ ਦੇ ਸੰਪਰਕ 'ਚ ਹਨ। ਚੋਟੀ ਦੇ ਖੁਫੀਆ ਸੂਤਰਾਂ ਨੇ NewsAH ਨੂੰ ਇਹ ਜਾਣਕਾਰੀ ਦਿੱਤੀ ਹੈ। ਨਾਇਕ ਨੂੰ ਓਮਾਨ ਵਿੱਚ ਦੋ ਭਾਸ਼ਣ ਦੇਣ ਲਈ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਦਾ ਪਹਿਲਾ ਲੈਕਚਰ 'ਕੁਰਾਨ ਏ ਗਲੋਬਲ ਨੀਡ' ਓਮਾਨ ਦੇ ਧਾਰਮਿਕ ਮਾਮਲਿਆਂ ਦੇ ਮੰਤਰਾਲੇ ਦੁਆਰਾ ਆਯੋਜਿਤ ਕੀਤਾ ਗਿਆ ਹੈ, ਜੋ ਕਿ ਰਮਜ਼ਾਨ ਦੇ ਪਹਿਲੇ ਦਿਨ 23 ਮਾਰਚ ਨੂੰ ਹੋਣਾ ਹੈ। ਉਥੇ ਹੀ ਦੂਸਰਾ ਲੈਕਚਰ 'ਪੈਗੰਬਰ ਮੁਹੰਮਦ- ਏ ਮਰਸੀ ਫਾਰ ਹਿਊਮਨਜ਼' 25 ਮਾਰਚ ਦੀ ਸ਼ਾਮ ਨੂੰ ਸੁਲਤਾਨ ਕਾਬੂਸ ਯੂਨੀਵਰਸਿਟੀ ਵਿੱਚ ਹੋਣ ਵਾਲਾ ਹੈ। ਖਬਰ ਹੈ ਕਿ ਓਮਾਨ ਵਿੱਚ ਭਾਰਤੀ ਦੂਤਾਵਾਸ ਉਨ੍ਹਾਂ ਨੂੰ ਸਥਾਨਕ ਕਾਨੂੰਨਾਂ ਦੇ ਤਹਿਤ ਹਿਰਾਸਤ ਵਿੱਚ ਲੈਣ ਅਤੇ ਫਿਰ ਉਨ੍ਹਾਂ ਨੂੰ ਭਾਰਤ ਡਿਪੋਰਟ ਕਰਨ ਲਈ ਉੱਥੋਂ ਦੀਆਂ ਏਜੰਸੀਆਂ ਦੇ ਸੰਪਰਕ ਵਿੱਚ ਹੈ।



## ਕਾਂਗਰਸ ਦੀ ਰੰਜਨ ਚੌਧਰੀ ਨੇ ਪੈਨ ਅਧਾਰ ਲਿੰਕ ਲਈ ਸਮਾਂ ਵਧਾਉਣ ਦੀ ਕੀਤੀ ਮੰਗ

**ਦਿੱਲੀ/ਕਪੂਰ**

ਕਾਂਗਰਸ ਦੇ ਸੰਸਦ ਮੈਂਬਰ ਅਧੀਰ ਰੰਜਨ ਚੌਧਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਪੈਨ ਕਾਰਡ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਦੀ ਸਮਾਂ ਸੀਮਾ ਅਗਲੇ 6 ਮਹੀਨਿਆਂ ਲਈ ਵਧਾਉਣ ਦੀ ਬੇਨਤੀ ਕੀਤੀ ਹੈ। ਉਨ੍ਹਾਂ ਵਲੋਂ ਪ੍ਰਧਾਨ ਮੰਤਰੀ ਨੂੰ ਇਸ ਪ੍ਰਕਿਰਿਆ ਨੂੰ ਮੁਫ਼ਤ ਕਰਨ ਦੀ ਵੀ ਬੇਨਤੀ ਕੀਤੀ ਗਈ ਹੈ।




## ਗਾਂਧੀ ਦੀ ਪੋਤੀ ਊਸ਼ਾ ਗੋਕਨੀ ਦਾ 89 ਸਾਲ ਦੀ ਉਮਰ 'ਚ ਦਿਹਾਂਤ

**ਮੁੰਬਈ/ਲੋਕ ਬਾਣੀ**

ਮਹਾਤਮਾ ਗਾਂਧੀ ਦੀ ਪੋਤੀ ਊਸ਼ਾ ਗੋਕਨੀ ਦਾ ਮੰਗਲਵਾਰ ਨੂੰ ਮੁੰਬਈ 'ਚ ਦਿਹਾਂਤ ਹੋ ਗਿਆ। ਮਣੀ ਭਵਨ ਦੇ ਕਾਰਜਕਾਰੀ ਸਕੱਤਰ ਮੇਘਸ਼ਿਆਮ ਅਜਗਾਂਵਕਰ ਨੇ ਦੱਸਿਆ ਕਿ 89 ਸਾਲਾ ਗੋਕਨੀ ਪਿਛਲੇ 5 ਸਾਲਾਂ ਤੋਂ ਬੀਮਾਰ ਸਨ। ਗੋਕਨੀ ਗਾਂਧੀ ਮੈਮੋਰੀਅਲ ਫੰਡ, ਮੁੰਬਈ ਦੇ ਸਾਬਕਾ ਚੇਅਰਪਰਸਨ ਸਨ, ਜੋ ਕਿ ਮਣੀ ਭਵਨ 'ਚ ਸਥਿਤ ਹੈ। ਮਣੀ ਭਵਨ ਦਾ ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ 'ਚ ਵਿਸ਼ੇਸ਼ ਮਹੱਤਵ ਹੈ। ਗੋਕਨੀ ਨੇ ਆਪਣਾ ਬਚਪਨ ਵਰਧਾ ਦੇ ਸੇਵਾਗ੍ਰਾਮ ਆਸ਼ਰਮ 'ਚ ਬਿਤਾਇਆ, ਜਿਸ ਦੀ ਸਥਾਪਨਾ ਮਹਾਤਮਾ ਗਾਂਧੀ ਨੇ ਕੀਤੀ ਸੀ।



ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ

ਲੋਕ ਬਾਣੀ ਸੰਗਮ ਕੰਪਕੈਲਸ, ਮਿਲਾਪ ਚੌਂਕ ਜਲੰਧਰ 99155-94111

# ਡੀ.ਬੀ.ਈ.ਈ. ਵਿਖੇ ਮੈਗਾ ਰੋਜ਼ਗਾਰ ਮੇਲਿਆਂ ਦਾ ਸ਼ਾਨਦਾਰ ਸਮਾਪਨ, 324 ਉਮੀਦਵਾਰਾਂ ਦੀ ਹੋਈ ਚੋਣ

**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਕੇਂਦਰ ਸਰਕਾਰ ਦੀ ਸਕੀਮ ਮਾਡਲ ਕੈਰੀਅਰ ਸੈਂਟਰ ਅਤੇ ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੋਜ਼ਗਾਰ, ਪੰਜਾਬ ਹੁਨਰ ਵਿਕਾਸ ਮਿਸ਼ਨ ਤਹਿਤ ਜਿਲ੍ਹਾ ਪ੍ਰਸ਼ਾਸਨ ਲੁਧਿਆਣਾ ਦੀ ਰਹਿਨੁਮਈ ਹੇਠ ਸਥਾਨਕ ਦਫ਼ਤਰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ 15, 17 ਅਤੇ 20 ਮਾਰਚ ਨੂੰ ਲੱਗਣ ਵਾਲੇ ਰੋਜ਼ਗਾਰ ਮੇਲਿਆਂ ਦਾ ਸ਼ਾਨਦਾਰ ਸਮਾਪਨ ਹੋਇਆ। ਇਸ ਸਬੰਧੀ ਡੀ.ਬੀ.ਈ.ਈ. ਦੇ ਡਿਪਟੀ ਡਾਇਰੈਕਟਰ ਸ਼ ?ਰੀਮਤੀ ਮਿਨਾਕਸ਼ੀ ਸ਼ਰਮਾ ਵੱਲੋ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ 15 ਮਾਰਚ ਨੂੰ ਲੱਗੇ ਰੋਜ਼ਗਾਰ ਮੇਲੇ



ਵਿੱਚ ਕੁੱਲ 225 ਪ੍ਰਾਰਥੀ ਹਾਜ਼ਰ ਹੋਏ, ਮੇਲੇ ਵਿੱਚ ਕੁੱਲ 15 ਕੰਪਨੀਆਂ ਵਲੋਂ ਸ਼ਮੂਲੀਅਤ ਕੀਤੀ ਗਈ ਜਿਸ ਵਿੱਚ ਐਚ.ਡੀ.ਐਫ.ਸੀ. ਲਾਈਫ, ਫਰੀਮੈਨ ਮਈਅਰ ਪ੍ਰਾ ਲਿਃ, ਐਲ.ਆਈ.ਸੀ., ਕੋਕਾ ਕੋਲਾ ਬੀਵਰੇਜ, ਟੀ.ਡੀ.ਐਸ., ਵਾਸਟ ਲਿੰਕਰਜ, ਵਿਜਨੋ ਪ੍ਰਾ ਲਿਃ ਆਦਿ ਸ਼ਾਮਲ ਸਨ ਜਿਨ੍ਹਾਂ ਮੌਕੇ 'ਤੇ ਹੀ 120 ਪ੍ਰਾਰਥੀਆਂ ਦੀ ਚੋਣ ਕੀਤੀ। ਉਨ੍ਹਾਂ ਅੱਗੇ ਦੱਸਿਆ ਕਿ 17 ਮਾਰਚ ਨੂੰ ਲੱਗੇ ਰੋਜ਼ਗਾਰ ਮੇਲੇ ਵਿੱਚ ਕੁੱਲ 160 ਪ੍ਰਾਰਥੀ ਹਾਜ਼ਰ ਹੋਏ, ਕੁੱਲ 20 ਕੰਪਨੀਆਂ ਨੇ ਹਿੱਸਾ ਲਿਆ ਜਿਸ ਵਿੱਚ ਆਈ.ਸੀ.ਆਈ. ਬੈਂਕ, ਏਜਿਲ, ਪੁਖਰਾਜ ਹੈਲਥਕੇਅਰ, ਆਈ.ਸੀ.ਆਈ., ਸ਼ਿਵਾ ਟੱਫ, ਫਾਇਨਾਂਸ ਸੇਤੂ ਆਦਿ ਕੰਪਨੀਆਂ ਸ਼ਾਮਲ ਸਨ ਜਿਨ੍ਹਾਂ ਮੌਕੇ 'ਤੇ ਹੀ 109 ਪ੍ਰਾਰਥੀਆਂ ਨੂੰ ਚੁਣਿਆ। ਇਸ ਤੋਂ ਇਲਾਵਾ ਤੀਸਰੇ ਤੇ ਆਖਰੀ ਦਿਨ 20 ਮਾਰਚ ਨੂੰ ਲੱਗੇ ਰੋਜ਼ਗਾਰ ਮੇਲੇ ਵਿੱਚ ਕੁੱਲ 146 ਪ੍ਰਾਰਥੀ ਹਾਜ਼ਰ ਹੋਏ, ਕੁੱਲ 16 ਕੰਪਨੀਆਂ ਨੇ ਆਪਣੀ ਹਾਜ਼ਰੀ ਲਗਾਵਾਈ ਜਿਸ ਵਿੱਚ ਈ-ਮੈਨੇਜ ਸਾਫਟਵੇਅਰ ਇਨਕਾਰਪੋਰੇਟ, ਏ.ਕੇ.ਸੀ.ਐਮ., ਅਮਰ ਵਹੀਲ ਪ੍ਰਾਃ ਲਿਃ, ਆਈ.ਐਫ.ਐਮ. ਫਿਮਕੋਚ, ਵਿਜਨ ਬਾਡੀ ਕੇਅਰ ਪ੍ਰਾਃ ਲਿਃ, ਮੈਕਟੈਕ ਇੰਟਰਨੈਸ਼ਨਲ, ਏਜਲ ਆਦਿ ਕੰਪਨੀਆਂ ਵਲੋਂ ਮੌਕੇ 'ਤੇ ਹੀ 95 ਪ੍ਰਾਰਥੀਆਂ ਨੂੰ ਨੌਕਰੀ ਲਈ ਚੁਣਿਆ ਗਿਆ। ਮਿਸ ਸੁਖਮਨ ਮਾਨ (EGSDTO), ਜਿਲਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਲੁਧਿਆਣਾ ਵਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਇਨ੍ਹਾਂ ਰੋਜ਼ਗਾਰ ਮੇਲੇ ਵਿੱਚ ਪ੍ਰਾਰਥੀਆਂ ਦੀ ਰਜਿਸਟ੍ਰੇਸ਼ਨ ਵੀ ਕੀਤੀ ਗਈ। ਇਸ ਤੋਂ ਇਲਾਵਾ ਪ੍ਰਾਰਥੀਆਂ ਨੂੰ ਰੋਜ਼ਗਾਰ ਦਫ਼ਤਰ ਵਿਖੇ ਦਿੱਤੀਆਂ ਜਾਣ ਵਾਲੀਆ ਸਹੂਲਤਾ ਬਾਰੇ ਵੀ ਦੱਸਿਆ ਅਤੇ ਨੌਜਵਾਨਾਂ ਨੂੰ ਭਵਿੱਖ ਵਿੱਚ ਅੱਗੇ ਵੱਧਣ ਲਈ ਵੀ ਪ੍ਰੇਰੀਆ ਗਿਆ।

# ਵਿਸ਼ਵ ਕਵਿਤਾ ਦਿਵਸ 21 ਮਾਰਚ : ਮੁਬਾਰਕ ਹੋਵੇ ਪਿਆਰਿਓ

**ਗੁਰਭਜਨ ਗਿੱਲ**

**ਲੁਧਿਆਣਾ ( ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ)**



ਵਿਸ਼ਵ ਕਵਿਤਾ ਦਿਵਸ ਨੂੰ ਪੂਰੀ ਦੁਨੀਆਂ ਦੇ ਕਾਵਿ ਸਿਰਜਕ ਚੇਤੇ ਕਰ ਰਹੇ ਨੇ। ਜਸ਼ਨ ਵਾਂਗ ਮਨਾ ਰਹੇ ਨੇ। ਭਾਸ਼ਾ ਕੋਈ ਵੀ ਹੋਵੇ, ਕਵਿਤਾ ਹੀ ਮਾਨਵ ਅਭਿਵਿਅਕਤੀ ਦਾ ਸਾਧਨ ਰਹੀ ਹੈ। ਬਾਕੀ ਸਾਹਿੱਤ ਰੂਪ ਕਾਰ ਹਨ, ਸਿਰਜਣਾ ਨਹੀਂ। ਘਾੜਤਿ ਹੈ, ਸ਼ਬਦ ਚਿਣਾਈ ਹੈ। ਗਰਜ਼ਾਂ ਬੱਧੇ ਸੰਸਾਰ ਦੀਆਂ ਲੋੜਾਂ ਪੂਰਦੇ ਸਾਰੇ ਸਾਹਿੱਤ ਅੰਗਵਹੀ ਕਾਰ ਹਨ। ਕਵਿਤਾ ਨਾਲ ਕਾਰ ਨਹੀਂ ਲੱਗਦਾ। ਵਾਰਤਕ -ਕਾਰ, ਕਹਾਣੀ -ਕਾਰ, ਨਾਵਲ -ਕਾਰ, ਨਾਟਕ -ਕਾਰ ਸਭ ਕਾਰੇ ਲੱਗੇ ਹੋਏ ਨੇ। ਕਵਿਤਾ ਜਦੋਂ ਕਥਾ ਸੁਣਾਉਂਦੀ ਹੈ ਤਾਂ ਇਹ ਵੀ ਕਿੱਸਾ-ਕਾਰੀ ਬਣ ਜਾਂਦੀ ਹੈ।

ਇਹ ਮੇਰਾ ਵਿਸ਼ਵਾਸ ਹੈ, ਤੁਸੀਂ ਸਹਿਮਤ ਹੋਵੋ ਨਾ ਹੋਵੋ। ਇਹ ਤਾਂ ਕਵਿਤਾ ਦੀ ਆਰਾਧਨਾ ਹੈ। ਆਪਣੀ ਸ਼ਬਦ ਅੰਜੁਲੀ ਹੈ।

ਪੰਜਾਬੀ ਸਾਹਿੱਤ ਸਿਰਜਣਾ ਲਈ ਹੋਰ ਸਾਹਿੱਤ ਰੂਪ ਲਿਖਣ ਕਾਰੇ ਲੱਗੇ ਵੀਰਾਂ ਨੂੰ ਵੀ ਕਵਿਤਾ ਨੇ ਹੀ ਸ਼ਬਦ ਸਿਰਜਣ ਸੂਝ ਦੇ ਕੇ ਇਸ ਮਾਰਗ ਤੋਰਿਆ ਹੈ।

ਕਵਿਤਾ ਮਾਂ ਹੈ,ਧਰਤੀ ਦੀ ਮਰਯਾਦਾ ਹੈ, ਧੜਕਣ ਹੈ, ਸੁਆਸ ਮਾਲਾ ਜਹੀ।

ਮੈਂ ਆਪਣੀ 2005 ਚ ਛਪੀ ਕਾਵਿ ਪੁਸਤਕ ਧਰਤੀ ਨਾਦ ਵਿੱਚ ਆਦਿਕਾ ਵਜੋਂ ਇਹ ਕਵਿਤਾ ਕਵਿਤਾ " ਵਹਿਣ ਨਿਰੰਤਰ " ਲਿਖ ਕੇ ਪ੍ਰਕਾਸ਼ਿਤ ਕੀਤੀ ਸੀ। ਇਹ ਤੁਹਾਡੇ ਮੇਰੇ ਵਿਚਕਾਰ ਕਵਿਤਾ ਸਬੰਧੀ ਸਾਂਝੀ ਸਮਝ ਵਿਕਸਤ ਕਰੇਗੀ, ਇਹ ਮੇਰਾ ਵਿਚਾਰ ਹੈ। ਜੇ ਤੁਹਾਨੂੰ ਸਹੀ ਨਾ ਲੱਗੇ ਤਾਂ ਵੀ ਕੋਈ ਗੱਲ ਨਹੀਂ।

**ਚੀਨੀ ਕਹਾਵਤ ਹੈ ਜਿਵੇਂ ਕਿ**

ਸੌ ਫੁੱਲ ਖਿੜਨ ਦਿਉ।
ਸੌ ਵਿਚਾਰ ਭਿੜਨ ਦਿਉ।

ਹਾਲ ਦੀ ਘੜੀ ਵਿਸ਼ਵ ਕਵਿਤਾ ਦਿਵਸ ਮੁਬਾਰਕ ਪ੍ਰਵਾਨ ਕਰੋ।

**ਕਵਿਤਾ ਵਹਿਣ ਨਿਰੰਤਰ**

ਕਵਿਤਾ ਮੇਰੇ ਅੰਤਰ ਮਨ ਦੀ ਮੂਕ ਵੇਦਨਾ
ਨੇਰ੍ਹੇ ਤੋਂ ਚਾਨਣ ਵੱਲ ਜਾਂਦੀ ਇਕ ਪਗਡੰਡੀ।
ਹਰੇ ਕਚੂਰ ਦਰਖ਼ਤਾਂ ਵਿਚ ਦੀ ਦਿਸਦਾ ਚਾਨਣ।
ਧਰਤ, ਸਮੁੰਦਰ, ਦਰਿਆ, ਅੰਬਰ, ਚੰਨ ਤੇ ਤਾਰੇ,
ਇਸ ਦੀ ਬੁੱਕਲ ਬਹਿੰਦੇ ਸਾਰੇ।
ਇਕਲਾਪੇ ਵਿਚ ਆਤਮ-ਬਚਨੀ।
ਗੀਤ ਕਿਸੇ ਕੋਇਲ ਦਾ ਸੱਚਾ।
ਅੰਬਾਂ ਦੀ ਝੰਗੀ ਵਿਚ ਬਹਿ ਕੇ,
ਜੋ ਉਹ ਖ਼ੁਦ ਨੂੰ ਆਪ ਸੁਣਾਵੇ।
ਜਿਉਂ ਅੰਬਰਾਂ 'ਚੋਂ,
ਸੜਦੀ ਤਪਦੀ ਧਰਤੀ ਉੱਪਰ ਮੀਂਹ ਵਰ੍ਹ ਜਾਵੇ।
ਪਹਿਲੀਆਂ ਕਣੀਆਂ ਪੈਣ ਸਾਰ ਜੋ,
ਮਿੱਟੀ 'ਚੋਂ ਇਕ ਸੋਂਧੀ ਸੋਂਧੀ ਖੁਸ਼ਬੂ ਆਵੇ।
ਓਹੀ ਤਾਂ ਕਵਿਤਾ ਅਖਵਾਏ।
**ਕਵਿਤਾ ਤਾਂ ਜ਼ਿੰਦਗੀ ਦਾ ਗਹਿਣਾ,**
ਇਸ ਬਿਨ ਰੂਹ ਵਿਧਵਾ ਹੋ ਜਾਵੇ।
ਰੋਗਣ ਸੋਗਣ ਮਨ ਦੀ ਬਸਤੀ,
ਤਰਲ ਜਿਹਾ ਮਨ,
ਇਕ ਦਮ ਜਿਉਂ ਪੱਥਰ ਬਣ ਜਾਵੇ।
ਸ਼ਬਦ 'ਅਹੱਲਿਆ' ਬਣ ਜਾਵੇ ਤਾਂ
ਕਵਿਤਾ ਵਿਚਲਾ 'ਰਾਮ' ਜਗਾਵੇ।
ਕਵਿਤਾ ਤਾਂ ਸਾਹਾਂ ਦੀ ਸਰਗਮ,
ਜੀਵੇ ਤਾਂ ਧੜਕਣ ਬਣ ਜਾਵੇ।
ਨਿਰਜਿੰਦ ਹਸਤੀ ਚੁੱਕ ਨਾ ਹੋਵੇ,
ਜਦ ਤੁਰ ਜਾਵੇ।
ਜ਼ਿੰਦਗੀ ਦੀ ਰਣ ਭੂਮੀ ਅੰਦਰ,
ਕਦੇ ਇਹੀ ਅਰਜੁਨ ਬਣ ਜਾਵੇ।
ਮੱਛੀ ਦੀ ਅੱਖ ਵਿੰਨ੍ਹਣ ਖ਼ਾਤਰ,
ਇਕ ਸੁਰ ਹੋਵੇ,
ਸਿਰਫ਼ ਨਿਸ਼ਾਨਾ ਫੁੰਡਣਾ ਚਾਹੇ।
ਪਰ ਸ਼ਬਦਾਂ ਦੀ ਅਦਭੁਤ ਲੀਲ੍ਹਾ,
ਚਿੱਲੇ ਉੱਪਰ ਤੀਰ ਚਾੜ੍ਹ ਕੇ,
ਸੋਚੀ ਜਾਵੇ।
ਆਪਣੀ ਜਿੱਤ ਦੀ ਖ਼ਾਤਰ,
ਮੱਛੀ ਨੂੰ ਵਿੰਨ੍ਹ ਦੇਵਾਂ?
ਇਹ ਨਾ ਭਾਵੇ।
**ਕਵਿਤਾ ਤਾਂ ਸਾਜ਼ਾਂ ਦਾ ਮੇਲਾ,**
ਸ਼ਬਦਾਂ ਦੀ ਟੁਣਕਾਰ ਜਗਾਵੇ।
ਤਬਲੇ ਦੇ ਦੋ ਪੁੜਿਆਂ ਵਾਂਗੂੰ
ਭਾਵੇਂ ਅੱਡਰੀ-ਅੱਡਰੀ ਹਸਤੀ,
ਮਿੱਲਤ ਹੋਵੇ ਇਕ ਸਾਹ ਆਵੇ।
ਕਾਇਨਾਤ ਨੂੰ ਝੂੰਮਣ ਲਾਵੇ।
ਬਿਰਖ਼ ਬੂਟਿਆਂ ਸੁੱਕਿਆਂ 'ਤੇ ਹਰਿਆਵਲ ਆਵੇ।
ਤੂੰਬੀ ਦੀ ਟੁਣਕਾਰ ਹੈ ਕਵਿਤਾ।
ਖੀਵਾ ਹੋ ਕੇ ਜਦ ਕੋਈ ਯਮਲਾ ਪੋਟੇ ਲਾਵੇ।
ਕਣ ਕਣ ਫੇਰ ਵਜਦ ਵਿਚ ਆਵੇ।
ਸਾਹ ਨੂੰ ਰੋਕਾਂ, ਧੜਕਣ ਦੀ ਰਫ਼ਤਾਰ ਨਾ ਕਿਧਰੇ,
ਮੇਰੇ ਤੋਂ ਪਲ ਖੋਹ ਲੈ ਜਾਵੇ।
ਇਹ ਕਰਤਾਰੀ ਪਲ ਹੀ ਤਾਂ ਕਵਿਤਾ ਅਖਵਾਵੇ।
**ਕਵਿਤਾ ਤਾਂ ਕੇਸੂ ਦਾ ਫੁੱਲ ਹੈ,**
ਖਿੜਦਾ ਹੈ ਜਦ ਜੰਗਲ ਬੇਲੇ।
ਅੰਬਰ ਦੇ ਵਿਚ,
ਰੰਗਾਂ ਦੇ ਫਿਰ ਲੱਗਦੇ ਮੇਲੇ।
ਤਪਦੇ ਜੂਨ ਮਹੀਨੇ ਵਿਚ ਵੀ,
ਬਿਰਖ਼ ਨਿਪੱਤਰੇ ਦੀ ਟਾਹਣੀ 'ਤੇ,
'ਕੱਲ੍ਹਾ ਖਿੜਦਾ, 'ਕੱਲਾ ਬਲ ?ਦਾ।
ਇਹ ਨਾ ਟਲ ?ਦਾ।
ਕਹਿਰਵਾਨ ਸੂਰਜ ਵੀ ਘੂਰੇ,
ਵਗਣ ਵਰ੍ਹੋਲੇ, ਅੰਨ੍ਹੇ ਬੋਲੇ,
ਆਪਣੀ ਧੁਨ ਦਾ ਪੱਕਾ,
ਇਹ ਨਾ ਪੈਰੋਂ ਡੋਲੇ।
ਜ਼ਿੰਦਗੀ ਦੇ ਉਪਰਾਮ ਪਲਾਂ ਵਿਚ,
ਕਵਿਤਾ ਮੇਰੀ ਧਿਰ ਬਣ ਜਾਵੇ।
ਮਸਲੇ ਦਾ ਹੱਲ ਨਹੀਂ ਦੱਸਦੀ,
ਤਾਂ ਫਿਰ ਕੀ ਹੋਇਆ?
ਦਏ ਹੁੰਗਾਰਾ ਫਿਰ ਅੰਬਰੋਂ 'ਨੇਰ੍ਹਾ ਛਟ ਜਾਵੇ।
ਰਹਿਮਤ ਬਣ ਜਾਂਦੀ ਹੈ ਕਵਿਤਾ,
ਜਦ ਬੰਦਾ ਕਿਧਰੇ ਘਿਰ ਜਾਵੇ।
ਜਦ ਫਿਰ ਜਾਪੇ ਸਾਹ ਰੁਕਦਾ ਹੈ,
ਅਗਲਾ ਸਾਹ ਹੁਣ ਖ਼ਬਰੇ,
ਆਵੇ ਜਾਂ ਨਾ ਆਵੇ।
ਪੋਲੇ ਪੈਰੀਂ ਤੁਰਦੀ-ਤੁਰਦੀ ਨੇੜੇ ਆਵੇ।
ਜੀਕਣ ਮੇਰੀ ਜੀਵਨ ਸਾਥਣ,
ਅਣਲਿਖਿਆ ਕੋਈ ਗੀਤ ਸੁਣਾਵੇ।
ਮਨ ਦਾ ਚੰਬਾ ਖਿੜ-ਖਿੜ ਜਾਵੇ।
ਮਖ਼ਮੂਰੀ ਵਿਚ ਮੈਨੂੰ,
ਕੁਝ ਵੀ ਸਮਝ ਨਾ ਆਵੇ।
ਕਵਿਤਾ ਵਹਿਣ ਨਿਰੰਤਰ ਜੀਕੂੰ,
ਚਸ਼ਮਿਉਂ ਫੁੱਟੇ, ਧਰਤੀ ਸਿੰਜੇ,
ਤੇ ਆਖ਼ਰ ਨੂੰ ਅੰਬਰ ਥਾਣੀਂ,
ਤਲਖ਼ ਸਮੁੰਦਰ ਵਿਚ ਰਲ ਜਾਵੇ।
ਆਪਣੀ ਹਸਤੀ ਆਪ ਮਿਟਾਵੇ।

# ਵਿਧਾਇਕਾ ਛੀਨਾ ਦੇ ਅਸ਼ੀਰਵਾਦ ਸਦਕਾ ਵਾਰਡ ਨੰ : 32 ਦੇ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਕੀਤਾ ਜਾ ਰਿਹਾ ਹੈ ਹੱਲ - ਜਗਦੇਵ ਸਿੰਘ ਧੁੰਨਾ



**ਲੁਧਿਆਣਾ/ਸ਼ੰਮੀ ਕੁਮਾਰ**

ਵਿਧਾਨ ਸਭਾ ਹਲਕਾ ਦੱਖਣੀ ਅਧੀਨ ਪੈਂਦੇ ਵਾਰਡ ਨੰ : 32 'ਚ ਸਥਿੱਤ ਮੁਹੱਲਾ ਨਿਊ ਅਜ਼ਾਦ ਨਗਰ ਦੀ ਗਲੀ ਨੰ : 4 ਵਿੱਚ ਸੀਵਰੇਜ ਦੀ ਸਫ਼ਾਈ ਆਮ ਆਦਮੀ ਪਾਰਟੀ ਹਲਕਾ ਦੱਖਣੀ ਬੀ . ਸੀ ਵਿੰਗ ਦੇ ਪ੍ਰਧਾਨ ਜਗਦੇਵ ਸਿੰਘ ਧੁੰਨਾ ਦੀ ਦੇਖ - ਰੇਖ ਹੇਠ ਕਰਵਾਈ ਗਈ ।ਇਸ ਮੌਕੇ ਤੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਜਗਦੇਵ ਸਿੰਘ ਧੁੰਨਾ ਨੇ ਕਿਹਾ ਕਿ ਹਲਕਾ ਵਿਧਾਇਕਾ ਬੀਬੀ ਰਜਿੰਦਰਪਾਲ ਕੌਰ ਛੀਨਾ ਦੇ ਅਸ਼ੀਰਵਾਦ ਸਦਕਾ ਵਾਰਡ ਨੰ : 32 ਦੇ ਨਿਵਾਸੀਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕਰਵਾਇਆ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਬੀਬੀ ਛੀਨਾ ਵੱਲੋਂ ਜੋ ਵੀ ਹਲਕੇ ਦੇ ਲੋਕਾਂ ਨਾਲ ਚੁਣਾਵੀ ਵਾਅਦੇ ਕੀਤੇ ਗਏ ਸਨ । ਉਨ੍ਹਾਂ ਨੂੰ ਇੱਕ - ਇੱਕ ਕਰ ਕੇ ਪੂਰਾ ਕੀਤਾ ਜਾ ਰਿਹਾ ਹੈ । ਉਨ੍ਹਾਂ ਨੇ ਕਿਹਾ ਕਿ ਹਲਕਾ ਦੱਖਣੀ 'ਚ ਆਪ ਸਰਕਾਰ ਦੇ ਇੱਕ ਸਾਲ ਵਿੱਚ ਹੀ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਕਰਵਾਏ ਜਾ ਚੁੱਕੇ ਹਨ । ਉਨ੍ਹਾਂ ਦੱਸਿਆ ਕਿ ਜਿਹੜਾ ਹਲਕਾ ਪਿੱਛਲੇ 10 ਸਾਲਾਂ ਤੋਂ ਪੂਰੀ ਤਰ੍ਹਾਂ ਉਦੋਂ ਦੇ ਵਿਧਾਇਕ ਵੱਲੋਂ ਅਣਗੌਲਿਆ ਕੀਤਾ ਹੋਇਆ ਸੀ । ਉਸ ਨੂੰ ਬੀਬੀ ਛੀਨਾ ਵਲੋਂ ਇਕ ਸਾਲ ਵਿਚ ਹੀ ਕਾਫ਼ੀ ਹੱਦ ਤਕ ਸੁਧਾਰ ਦਿੱਤਾ ਗਿਆ ਹੈ । ਉਨ੍ਹਾਂ ਦੱਸਿਆ ਕਿ ਹਲਕੇ ਅੰਦਰ ਅਨੇਕਾਂ ਹੀ ਨਵੀਆਂ ਸੜਕਾਂ ਬਣਾਈਆਂ ਗਈਆਂ ਹਨ ਅਤੇ ਕਈ ਮੁਹੱਲਾ ਕਲੀਨਿਕਾਂ ਸਥਾਪਿਤ ਕਰ ਦਿੱਤੀਆਂ ਗਈਆਂ ਹਨ ਉਨ੍ਹਾਂ ਦੱਸਿਆ ਕਿ ਬੀਬੀ ਛੀਨਾ ਵੱਲੋਂ ਸਿਰ ਤੋੜ ਯਤਨ ਕੀਤਾ ਜਾ ਰਿਹਾ ਹੈ ਕਿ ਉਹ ਜਲਦੀ ਤੋਂ ਜਲਦੀ ਇਸ ਹਲਕੇ ਨੂੰ ਖ਼ੂਬਸੂਰਤ ਬਣਾਉਣ ਤਾਂ ਜੋ ਲੋਕਾਂ ਨਾਲ ਕੀਤੇ ਗਏ ਵਾਅਦੇ ਨੂੰ ਪੂਰਾ ਕਰ ਸਕਣ । ਇਸ ਮੌਕੇ ਸ . ਧੁੰਨਾ ਦੇ ਨਾਲ ਅਵਤਾਰ ਸਿੰਘ ਜਿਊਲਰਜ ਅਤੇ ਹੋਰ ਵਾਰਡ ਵਾਸੀ ਵੀ ਹਾਜ਼ਰ ਸਨ।

# ਵਿਕਾਸ ਕਾਰਜ ਚਾਲੂ ਕਰਵਾਉਣ ਲਈ ਕਾਂਗਰਸ ਦਾ ਨਿਗਮ ਕਮਿਸ਼ਨਰ ਨੂੰ ਅਲਟੀਮੇਟਮ

## ਮੌਜੂਦਾ ਸਰਕਾਰ ਵਿਕਾਸ ਦੇ ਕੰਮਾਂ 'ਚ ਰੋੜੇ ਡਾਹ ਰਹੀ ਹੈ : ਸੰਜੇ ਤਲਵਾੜ/ਇਸ਼ਵਰਜੋਤ ਚੀਮਾ





**ਲੁਧਿਆਣਾ/ਸ਼ੰਮੀ ਕੁਮਾਰ**

ਅੱਜ ਇਥੇ ਨਗਰ ਨਿਗਮ ਲੁਧਿਆਣਾ ਡੀ ਜੋਨ ਸਥਿਤ ਕਾਂਗਰਸੀ ਕੌਂਸਲਰਾਂ ਵੱਲੋਂ ਜਿਲ੍ਹਾ ਕਾਂਗਰਸ ਕਮੇਟੀ ਪ੍ਰਧਾਨ ਸੰਜੇ ਤਲਵਾੜ ਅਤੇ ਹਲਕਾ ਦੱਖਣੀ ਇੰਚਾਰਜ ਇਸ਼ਵਰਜੋਤ ਚੀਮਾ ਦੀ ਅਗਵਾਈ ਹੇਠ ਪ੍ਰਦਰਸ਼ਨ ਕੀਤਏ ਗਿਆ, ਕੌਂਸਲਰਾਂ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਦੇ ਹੁਕਮਾਂ 'ਤੇ ਕੌਂਸਲਰਾਂ ਦੇ ਵਿਕਾਸ ਕਾਰਜਾਂ ਨੂੰ ਰੋਕਿਆ ਗਿਆ ਹੈ, ਇਸ ਮੌਕੇ ਸੀਨੀਅਰ ਡਿਪਟੀ ਮੇਅਰ ਸੁਦਰ ਸ਼ਿਆਮ ਮਲਹੋਤਰਾ, ਡਿਪਟੀ ਮੇਅਰ ਸਰਬਜੀਤ ਕੌਰ ਸ਼ਿਮਲਾਪੁਰੀ, ਕੌਂਸਲਰ ਮਮਤਾ ਆਸ਼ੂ, ਕੌਂਸਲਰ ਦਿਲਰਾਜ ਸਿੰਘ, ਕੌਂਸਲਰ ਬਲਜਿੰਦਰ ਬੰਟੀ, ਕੌਂਸਲਰ ਪੂਨਮ ਮਲਹੋਤਰਾ, ਕੌਂਸਲਰ ਰੁਪਿੰਦਰ ਕੌਰ ਸੰਧੂ, ਕੌਂਸਲਰ ਬਲਜਿੰਦਰ ਕੌਰ, ਕੌਂਸਲਰ ਮਨੀ ਗਰੇਵਾਲ, ਕੌਂਸਲਰ ਰੋਕੀ ਭਾਟੀਆ, ਕੌਂਸਲਰ ਕੁਲਦੀਪ ਜੰਡਾ, ਕੌਂਸਲਰ ਹਰਜਿੰਦਰਪਾਲ ਲਾਲੀ, ਕੌਂਸਲਰ ਗੁਰਪ੍ਰੀਤ ਗੋਪੀ, ਕੌਂਸਲਰ ਸੁਖਦੇਵ ਸ਼ੀਰਾ, ਕੌਂਸਲਰ ਸਤਪਾਲ ਲੋਹਾਰਾ, ਜਗਮੀਤ ਸਿੰਘ ਸੋਨੀ, ਨਰੇਸ਼ ਸ਼ਰਮਾ, ਰੁਪਿੰਦਰਪਾਲ ਸ਼ੀਲਾ ਦੂਗਰੀ, ਜਰਨੈਲ ਸਿੰਘ ਸ਼ਿਮਲਾਪੁਰੀ, ਨਿਰਮਲ ਕੈੜਾ, ਇਕਬਾਲ ਸਿੰਘ ਸੋਨੂੰ ਡੀਕੋ,

ਜਤਿੰਦਰ ਸਿੰਘ ਧੁੰਨਾ ਆਦਿ ਹਾਜਰ ਸਨ ਸੰਬੋਧਨ ਕਰਦਿਆਂ ਪ੍ਰਧਾਨ ਸੰਜੇ ਤਲਵਾੜ ਨੇ ਕਿਹਾ ਕਿ ਦੁਖ ਦੀ ਗੱਲ ਹੈ ਕਿ ਮੌਜੂਦਾ ਸਰਕਾਰ ਵਿਕਾਸ ਦੇ ਕੰਮਾਂ 'ਚ ਰੋੜੇ ਡਾਹ ਰਹੀ ਹੈ ਜਦੋਂ ਕਿ ਕੌਂਸਲਰ ਕੋਟੇ ਦੇ ਕੰਮ ਜੋ ਪਿਛਲੀ ਸਰਕਾਰ ਸਮੇ ਦੇ ਪਾਸ ਹੋਏ ਹਨ, ਜੋ ਕਿ ਚੋਣਾਂ ਕਾਰਨ ਬੰਦ ਕੀਤੇ ਗਏ ਸਨ ਜੋ ਕਿ ਅੱਜ ਇੱਕ ਸਾਲ ਤੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਵੀ ਚਾਲੂ ਨਹੀਂ ਹੋਏ। ਉਹਨਾ ਕਿਹਾ ਕਿ ਸਾਡਾ ਅੱਜ ਦਾ ਪ੍ਰੋਗਰਾਮ ਨਿਗਮ ਕਮਿਸ਼ਨਰ ਨੂੰ ਮਿਲ ਕੇ ਰੁਕੇ ਵਿਕਾਸ ਦੇ ਕਾਰਜ ਚਾਲੂ ਕਰਵਾਉਣ ਸਬੰਧੀ ਵਿਚਾਰ ਵਟਾਂਦਰਾ ਕਰਨਾ ਸੀ ਪਰ ਇਥੇ ਕੋਈ ਵੀ ਜਵਾਬਦੇਹ ਨਹੀਂ ਹੈ, ਜਦੋਂ ਕਿ ਸਾਡੇ ਕੌਂਸਲਰਾਂ ਵੱਲੋਂ ਵਾਰ-ਵਾਰ ਨਿਗਮ ਕਮਿਸ਼ਨਰ ਨੂੰ ਮਿਲ ਕੇ ਅਤੇ ਪੱਤਰਾਂ ਰਾਹੀਂ ਵਿਕਾਸ ਕਾਰਜਾਂ ਨੂੰ ਸ਼ੁਰੂ ਕਰਵਾਉਣ ਦੀ ਬੇਨਤੀ ਕੀਤੀ ਗਈ ਹੈ ਪਰ ਲੱਗਦਾ ਹੈ ਕਿ ਸਿਆਸੀ ਸ਼ਹਿ 'ਤੇ ਨਿਗਮ ਵੱਲੋਂ ਲੋਕਾਂ ਦੇ ਚੁਣੇ ਹੋਏ ਨਿਮਾਇੰਦਿਆਂ ਦਾ ਕੰਮ ਰੋਕਿਆ ਜਾ ਰਿਹਾ ਹੈ, ਜਿਸ ਨੂੰ ਕਾਂਗਰਸ ਪਾਰਟੀ ਬਰਦਾਸ਼ਤ ਨਹੀਂ ਕਰੇਗੀ ਜੇਕਰ ਨਿਗਮ ਕਮਿਸ਼ਨਰ ਨੇ ਅਗਲੇ ਦੋ ਦਿਨਾਂ ਤੱਕ ਵਰਕ ਆਰਡਰ ਨਾ ਪਾਸ ਕੀਤੇ ਤਾਂ ਪਾਰਟੀ ਸੀਨੀਅਰ ਲੀਡਰਸ਼ਿਪ ਅਤੇ ਕੌਂਸਲਰਾਂ ਨਾਲ ਮਿਲ ਕੇ ਅਗਲੀ ਰਣਨੀਤੀ ਐਲਾਨੇਗੀ। ਉਥੇ ਹਾਜਰੀਨ ਵੱਖ-ਵੱਖ ਕੌਂਸਲਰਾਂ ਤੇ ਹੋਰਨਾਂ ਆਗੂਆਂ ਨੇ ਸਰਕਾਰ ਦੀ ਕਾਰਗੁਜਾਰੀ ਦੀ ਨਿੰਦਾ ਕੀਤੀ ਤੇ ਕਿਹਾ ਨਿਗਮ ਅਧਿਕਾਰੀ ਸਿਆਸੀ ਦਬਾਅ ਹੇਠ ਕੰਮ ਕਰ ਰਹੇ ਹਨ, ਜਿਸ ਨਾਲ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਾਂਗਰਸ ਪਾਰਟੀ ਨੇ ਹਮੇਸ਼ਾ ਵਿਕਾਸ ਦੀ ਰਾਜਨੀਤੀ ਕੀਤੀ ਹੈ, ਉਸ ਦੇ ਉਲਟ ਆਮ ਆਦਮੀ ਪਾਰਟੀ ਜਿਹਨਾ ਦੀ ਸਰਕਾਰ ਵੱਲੋਂ ਇੱਕ ਸਾਲ ਦੌਰਾਨ ਸ਼ਹਿਰ ਨੂੰ ਕੋਈ ਪ੍ਰੋਜੈਕਟ ਤਾਂ ਕੀ ਦੇਣਾ ਸੀ ਉਸ ਦੇ ਉਲਟ ਕਾਂਗਰਸ ਸਰਕਾਰ ਸਮੇਂ ਅਲਾਟ ਹੋਏ ਕੰਮਾਂ 'ਚ ਰੁਕਾਵਟ ਬਣ ਰਹੀ ਹੈ। ਉਹਨਾ ਕਿਹਾ ਕਿ ਬਦਲਾਅ ਦੇ ਨਾਮ 'ਤੇ ਵੋਟਾਂ ਮੰਗ ਕੇ ਵਿਕਾਸ ਦੇ ਰਾਹ 'ਚ ਰੋੜਾ ਬਣਨ ਵਾਲੀ ਸਰਕਾਰ ਤੇ ਉਸ ਦੇ ਨੁਮਾਇੰਦਿਆਂ ਨੂੰ ਲੋਕ ਮੁਆਫ ਨਹੀਂ ਕਰਨਗੇ ਤੇ ਕਾਂਗਰਸ ਪਾਰਟੀ ਲੋਕਤੰਤਰ 'ਚ ਤਾਨਾਸ਼ਾਹੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ। ਕੌਂਸਲਰਾਂ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਸਾਲ ਨਵੰਬਰ-ਦਸੰਬਰ 2021 ਦੇ ਪਾਸ ਹੋਏ ਕੰਮਾਂ ਨੂੰ ਸਵਾ-ਢੇਡ ਸਾਲ ਹੋਣ ਦੇ ਬਾਵਜੂਦ ਸਰਕਾਰ ਨੇ ਕੋਈ ਵੀ ਕੰਮ ਸ਼ੁਰੂ ਨਹੀਂ ਕਰਵਾਇਆ, ਸਰਕਾਰ ਦੀ ਨੀਅਤ ਅਤੇ ਨੀਤੀ 'ਚ ਖੋਟ ਹੈ, ਕਾਂਗਰਸ ਸਰਕਾਰ ਸਮੇਂ ਪਾਸ ਹੋਏ ਕੰਮਾਂ ਨੂੰ ਯੋਜਨਾਬੱਧ ਤਰੀਕੇ ਨਾਲ ਰੋਕ ਕੇ ਮੌਜੂਦਾ ਨਿਗਮ ਕਾਰਜਕਾਲ ਖਤਮ ਹੋਣ ਤੋਂ ਬਾਅਦ ਰੁਕੇ ਕੰਮ ਸ਼ੁਰੂ ਕਰਵਾ ਕੇ ਝੂਠੇ ਪ੍ਰਚਾਰ ਦਾ ਹਿੱਸਾ ਬਣਨਾ ਚਾਹੁੰਦੀ ਹੈ ਜਦੋਂ ਕਿ ਜੱਗ ਜਾਹਿਰ ਹੈ ਸਰਕਾਰ ਵਿਕਾਸ ਨਹੀਂ ਬਲਕਿ ਵਿਨਾਸ਼ ਦੀ ਰਾਜਨੀਤੀ ਕਰ ਰਹੀ ਹੈ।

# ਸੋਲਿਸ ਯਾਨਮਾਰ ਅਧਿਕਾਰਤ ਵੈੱਬਸਾਈਟ 'ਤੇ ਟਰੈਕਟਰ ਦੀ ਕੀਮਤ ਦਿਖਾਉਣ ਵਾਲਾ ਪਹਿਲਾ ਐੱਮਐੱਨਸੀ. ਟਰੈਕਟਰ ਬ੍ਰਾਂਡ



**ਚੰਡੀਗੜ੍ਹ/ਵਿਨੋਦ ਸ਼ਰਮਾ**

'ਸੋਲਿਸ ਯਾਨਮਾਰ' ਭਾਰਤ ਦਾ ਪਹਿਲਾ ਮਲਟੀ ਨੈਸ਼ਨਲ (ਐੱਮ.ਐੱਨ.ਸੀ.) ਟਰੈਕਟਰ ਬ੍ਰਾਂਡ ਬਣ ਗਿਆ ਹੈ, ਜਿਸ ਨੇ ਕਿਸਾਨਾਂ ਦੇ ਵਿਸ਼ਵਾਸ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਲਈ ਆਪਣੀ ਅਧਿਕਾਰਤ ਵੈੱਬਸਾਈਟ 'ਤੇ ਕੀਮਤਾਂ ਪ੍ਰਦਰਸ਼ਿਤ ਕੀਤੀਆਂ ਹਨ। ਸੋਲਿਸ ਯਾਨਮਾਰ ਦੀ ਅਗਵਾਈ ਦੇਵੇਗੀ। ਸੋਲਿਸ ਯਾਨਮਾਰ ਨੇ ਪਹਿਲਾਂ ਹੀ ਟਰੈਕਟਰ ਉਦਯੋਗ ਵਿੱਚ ਕਈ ਮੋਹਰੀ ਕਦਮ ਚੁੱਕੇ ਹਨ ਜਿਵੇਂ ਕਿ 'ਸੋਲਿਸ ਪ੍ਰੋਮਿਸ' ਕਿਸਾਨਾਂ ਨੂੰ '5 ਸਾਲਾਂ ਦੀ ਵਾਰੰਟੀ ਅਤੇ 500 ਘੰਟੇ ਤੇਲ ਤਬਦੀਲੀ ਅੰਤਰਾਲ' ਦੀ ਪੇਸ਼ਕਸ਼ ਕਰਦਾ ਹੈ। ਵੈੱਬਸਾਈਟ 'ਤੇ ਸੋਲਿਸ ਯਾਨਮਾਰ ਟਰੈਕਟਰਜ਼ ਦੁਆਰਾ ਕੀਮਤਾਂ ਦਾ ਖੁਲਾਸਾ ਕਰਨ ਦਾ ਕੰਪਨੀ ਦਾ ਨਵਾਂ ਕਦਮ ਕਿਸਾਨਾਂ ਨੂੰ ਟਰੈਕਟਰ ਖਰੀਦਣ ਦੀ ਪ੍ਰਕਿਰਿਆ ਵਿੱਚ ਵਧੇਰੇ ਭਰੋਸਾ ਦੇਵੇਗਾ, ਇਹ ਯਕੀਨੀ ਬਣਾਉਂਦਾ ਹੈ ਕਿ ਭਾਰਤੀ ਟਰੈਕਟਰ ਉਦਯੋਗ ਵਿੱਚ 'ਭਵਿੱਖ ਹੁਣ ਹੈ'। ਕੰਪਨੀ ਨੇ ਵੇਰੀਐਂਟ ਪੱਧਰ ਤੱਕ ਕੀਮਤਾਂ ਦਾ ਖੁਲਾਸਾ ਕੀਤਾ ਹੈ, ਤਾਂ ਜੋ ਕਿਸਾਨ ਸਿੱਧੇ ਕੰਪਨੀ ਤੋਂ ਵਧੀਆ ਰੇਟ ਪ੍ਰਾਪਤ ਕਰਨ ਲਈ ਅਧਿਕਾਰਤ ਵੈੱਬਸਾਈਟ 'ਤੇ ਲੌਗ ਆਨ ਕਰ ਸਕਣ। ਆਪਣੇ ਵਿਚਾਰ ਸਾਂਝੇ ਕਰਦੇ ਹੋਏ, ਰਮਨ ਮਿੱਤਲ, ਜੁਆਇੰਟ ਮੈਨੇਜਿੰਗ ਡਾਇਰੈਕਟਰ, ਇੰਟਰਨੈਸ਼ਨਲ ਟਰੈਕਟਰਜ਼ ਲਿਮਟਿਡ, ਨੇ ਕਿਹਾ, "ਅਧਿਕਾਰਤ ਵੈੱਬਸਾਈਟ 'ਤੇ ਟਰੈਕਟਰ ਦੀਆਂ ਕੀਮਤਾਂ ਦਾ ਖੁਲਾਸਾ ਕਰਨ ਨਾਲ, ਸੋਲਿਸ ਯਾਨਮਾਰ ਭਾਰਤੀ ਟਰੈਕਟਰਾਂ ਵਿੱਚ ਤਬਦੀਲੀ ਦੇ ਇੱਕ ਦਿਲਚਸਪ ਪੜਾਅ ਦੀ ਸ਼ੁਰੂਆਤ ਕਰਨ ਵਾਲਾ ਪਹਿਲਾ ਟਰੈਕਟਰ ਬਹੁ-ਰਾਸ਼ਟਰੀ ਹੋਵੇਗਾ। ਉਦਯੋਗ। ਰਾਹ ਦੀ ਅਗਵਾਈ ਕਰਨਾ ਅਤੇ ਇਹ ਯਕੀਨੀ ਬਣਾਉਣਾ ਕਿ ਕਿਸਾਨਾਂ ਨੂੰ ਉਹ ਮਿਲੇ ਜੋ ਉਹ ਅਸਲ ਵਿੱਚ ਹੱਕਦਾਰ ਹਨ। ,




# ਸ਼ਹਿਰੀ ਰਿਹਾਇਸ਼ੀ ਖੇਤਰ ਵਿੱਚੋਂ ਜ਼ਹਿਰੀਲਾ ਕੋਬਰਾ ਸੱਪ ਕੀਤਾ ਕਾਬੂ

**ਅੰਮ੍ਰਿਤਸਰ/ਲੋਕ ਬਾਣੀ**

ਪਸ਼ੂ—ਪੰਛੀ ਤੇ ਵਾਤਾਵਰਨ ਪ੍ਰੇਮੀ ਅਸ਼ੋਕ ਜ਼ੋਸ਼ੀ ਮੋਦਗਿੱਲ ਦੇ ਵੱਲੋਂ ਸ਼ਹਿਰੀ ਰਿਹਾਇਸ਼ੀ ਖੇਤਰ ਦੇ ਵਿੱਚੋਂ ਦੁਨੀਆ ਦੇ ਜਹਿਰੀਲੇ ਕੋਬਰਾ ਸੱਪਾਂ ਦੀ ਪ੍ਰਜਾਤੀ ਦੇ ਵਿੱਚੋਂ ਤੀਸਰਾ ਸਥਾਨ ਰੱਖਣ ਵਾਲੇ ਇੱਕ ਕੋਬਰਾ ਸੱਪ ਨੂੰ ਸੁਰੱਖਿਅਤ ਤੇ ਜਿੰਦਾ ਕਾਬੂ ਕਰਕੇ ਸ਼ਹਿਰੋਂ ਬਾਹਰਲੇ ਰੱਖ ਬੋਹੜੂ ਵਿਖੇ ਆਜ਼ਾਦ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਿਕਰਯੋਗ ਹੈ ਕਿ ਐਸਪੀਸੀਏ ਦੇ ਸਾਬਕਾ ਅਧਿਕਾਰੀ ਪਸ਼ੂ—ਪੰਛੀ ਤੇ ਵਾਤਾਵਰਨ ਪ੍ਰੇਮੀ ਅਸ਼ੋਕ ਜ਼ੋਸ਼ੀ ਮੋਦਗਿੱਲ ਦੇ ਵੱਲੋਂ ਬੀਤੇ ਲੰਮੇ ਸਮੇਂ ਤੋਂ ਮਨੁੱਖਤਾ ਅਤੇ ਜਾਨਵਰਾਂ ਦੀ ਇਹ ਸਾਂਝੀ ਸੇਵਾ ਨਿਭਾਈ ਜਾ ਰਹੀ ਹੈ। ਉਸ ਦੇ ਵੱਲੋਂ ਹੁਣ ਤੱਕ ਵੱਖ ਵੱਖ ਪ੍ਰਜਾਤੀਆਂ ਦੇ ਹਜ਼ਾਰਾ ਦੀ ਗਿਣਤੀ ਵਿੱਚ ਸੱਪਾਂ ਤੋਂ ਇਲਾਵਾ ਸਰਦੀ ਦੇ ਮੌਸਮ ਵਿੱਚ ਸੰਘਣੀ ਧੁੰਦ ਦੇ ਕੋਹਰੇ ਦੇ ਕਾਰਨ ਰਸਤਾ ਭੁੱਲ ਕੇ ਸ਼ਹਿਰੀ ਰਿਹਾਇਸ਼ੀ ਖੇਤਰਾਂ ਵਿੱਚ ਆਉਣ ਵਾਲੇ ਕਈ ਪਸ਼ੂਆਂ, ਜਾਨਵਰਾਂ ਤੇ ਪੰਛੀਆਂ ਨੂੰ ਤਰੀਕੇ ਸਲੀਕੇ ਨਾਲ ਕਾਬੂ ਕਰਕੇ ਸਰਹੱਦੀ ਖਿਤੇ ਨਾਲ ਸਬੰਧਤ ਜੰਗਲਾਂ ਵਿੱਚ ਸੁਰੱਖਿਅਤ ਛੱਡਿਆ ਜਾ ਚੁੱਕਾ ਹੈ। ਜਹਿਰੀਲੇ ਕੋਬਰਾ ਸੱਪਾਂ ਦੀ ਪ੍ਰਜਾਤੀ ਦੇ ਵਿੱਚੋਂ ਤੀਸਰਾ ਸਥਾਨ ਰੱਖਣ ਵਾਲੇ ਇੱਕ ਕੋਬਰਾ ਸੱਪ ਨੂੰ ਸੁਰੱਖਿਅਤ ਤੇ ਜਿੰਦਾ ਕਾਬੂ ਕਰਨ ਉਪਰੰਤ ਗੱਲਬਾਤ ਕਰਦਿਆਂ ਅਸ਼ੋਕ ਜ਼ੋਸ਼ੀ ਮੋਦਗਿੱਲ ਨੇ ਦੱਸਿਆ ਕਿ ਸੀਮਤ ਸਾਧਨਾ ਦੇ ਬਾਵਜੂਦ ਵੀ ਉਨ੍ਹਾਂ ਦੀ ਗਿਣਤੀ ਦਾ ਗ੍ਰਾਫ ਕਾਫੀ ਹੱਦ ਤੱਕ ਉੱਚਾ ਹੈ। ਅਗਰ ਉਸ ਕੋਲ ਮੁਕੰਮਲ ਆਧੁਨਿਕ ਸਹੂਲਤਾਂ ਭਰਪੂਰ ਸਮੱਗਰੀ ਹੋਵੇ ਤਾਂ ਇਹ ਗ੍ਰਾਫ ਕਿਤੇ ਵੱਡਾ ਤੇ ਉੱਚਾ ਹੋ ਸੱਕਦਾ ਹੈ। ਉਨ੍ਹਾਂ ਕਿਹਾ ਕਿ ਜੰਗਲੀ ਜਾਨਵਰਾਂ, ਪਸ਼ੂ—ਪੰਛੀਆਂ ਤੇ ਦੁਰਲੱਭ ਕਿਸਮ ਦੇ ਧਰਤੀ ਹੇਠਾਂ ਰਹਿਣ ਵਾਲੇ ਕੀੜਿਆ ਮਕੌੜਿਆਂ ਤੇ ਵੱਖ ਵੱਖ ਪ੍ਰਜਾਤੀਆਂ ਦੇ ਸੱਪਾਂ ਦਾ ਮੌਸਮ ਦੇ ਬਦਲਦੇ ਹਲਾਤਾਂ ਦੇ ਚੱਲਦਿਆਂ ਇੱਧਰ ਉੱਧਰ ਹੋ ਜਾਣਾ ਜਾਂ ਰਸਤਾ ਭੁੱਲ ਜਾਣਾ ਸੰਭਾਵਿਕ ਹੈ। ਅਜਿਹੇ ਵਿੱਚ ਉਨ੍ਹਾਂ ਨਾਲ ਜਾਲਮਤਾ ਦੇ ਨਾਲ ਪੇਸ਼ ਆਉਣ ਦੀ ਬਜਾਏ ਉਨ੍ਹਾਂ ਦੇ ਨਾਲ ਜਾਂ ਸਬੰਧਤ ਵਿਭਾਗਾਂ ਨੂੰ ਸੂਚਿਤ ਕਰਨ ਵਿੱਚ ਹੀ ਚੰਗਿਆਈ ਤੇ ਵਡਿਆਈ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਕਰਨ ਨਾਲ ਜਿੱਥੇ ਇੱਕ ਚੰਗੇ ਸ਼ਹਿਰੀ ਵਾਲੇ ਫਰਜ਼ ਨਿਭਾਉਣ ਦੀ ਜ਼ਿੰਮੇਵਾਰੀ ਆਮ ਲੋਕਾਂ ਦੇ ਸਿਰ ਆ ਜਾਂਦੀ ਹੈ ਦੂਜਾ ਬੇਜ਼ੁਬਾਨਾਂ ਦੀਆਂ ਦੁਰਲੱਭ ਜਾਤੀਆਂ ਵੀ ਸੁਰੱਖਿਅਤ ਹੋ ਕੇ ਰਹੀ ਜਾਂਦੀਆਂ ਹਨ। ਉਨ੍ਹਾ ਕਿਹਾ ਕਿ ਅਜਿਹੇ ਕਾਰਜ ਕਰਨਾ ਉਨ੍ਹਾਂ ਦਾ ਸ਼ੌਂਕ ਹੀ ਨਹੀਂ ਬਲਕਿ ਸਮਾਜਿਕ ਜ਼ਿੰਮੇਵਾਰੀ ਵੀ ਹੈ। ਉਨ੍ਹਾਂ ਦੱਸਿਆ ਕਿ ਕਾਬੂ ਕੀਤੇ ਗਏ ਕੋਬਰਾਂ ਸੱਪ ਵਿੱਚ ਨਿਊਟਰੋਕਸ਼ਿਨ ਅਤੇ ਕਾਰਡੀਓਟੋ ਜ਼ਹਿਰ ਹੁੰਦਾ ਹੈ। ਜ਼ੋ ਕਿ ਕਿਸੇ ਵੀ ਇਨਸਾਨ ਵਾਸਤੇ ਪਲਾਂ ਛਿੰਨਾਂ ਵਿੱਚ ਹੀ ਜਾਨ ਲੇਵਾ ਸਾਬਿਤ ਹੋ ਸੱਕਦਾ ਹੈ। ਪਰ ਦੂਜੇ ਪਾਸੇ ਉਨ੍ਹਾਂ ਇਹ ਵੀ ਕਿਹਾ ਕਿ ਇਹ ਦਵਾਈਆਂ ਦੇ ਰਸਤੇ ਮਨੁੱਖੀ ਜ਼ਿੰਦਗੀਆਂ ਬਚਾਉਣ ਦੇ ਕੰਮ ਵੀ ਆਉਂਦਾ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਜਿਹੇ ਮਾਮਲਿਆਂ ਤੇ ਸ਼ਹਿਨਸ਼ੀਲਤਾ ਅਤੇ ਦਿਆਲਤਾ ਵਰਤਣ ਦੀ ਅਪੀਲ ਵੀ ਕੀਤੀ। ਜਿਕਰਯੋਗ ਹੈ ਕਿ ਇਨਸਾਨਾ ਤੇ ਬੇਜ਼ੁਬਾਨਾਂ ਦੇ ਸੁਰੱਖਿਅਤ ਜੀਵਨ ਲਈ ਵਰਦਾਨ ਸਾਬਿਤ ਹੋਣ ਵਾਲੇ ਅਸ਼ੋਕ ਜ਼ੋਸ਼ੀ ਮੋਧਗਿੱਲ ਨੂੰ ਪੰਜਾਬ ਸਰਕਾਰ ਦੇ ਵੱਲੋਂ ਅਜੇ ਤੱਕ ਵੀ ਉਹ ਮਾਨ ਸਨਮਾਨ ਦੇ ਕੇ ਨਹੀਂ ਨਵਾਜਿਆ ਗਿਆ ਜਿਸ ਦਾ ਉਹ ਅਸਲੀ ਹੱਕਦਾਰ ਹੈ।



# ਆਈ.ਆਈ.ਐੱਫ.ਐੱਲਜੀਤੋ ਜੀਤੋ ਅਹਿੰਸਾਰਨ 2 ਅਪ੍ਰੈਲ ਨੂੰ 23 ਦੇਸ਼ਾਂ ਵਿੱਚ

**ਲੁਧਿਆਣਾ/ਲੋਕ ਬਾਣੀ**

2023: ਆਈ. ਆਈ. ਐੱਫ.ਐੱਲਗਰੁੱਪ, ਜੋ ਕਿ ਭਾਰਤ ਦੇ ਸਭ ਤੋਂ ਵੱਡੇ ਵਿੱਤੀ ਸੇਵਾ ਸਮੂਹਾਂ ਵਿੱਚੋਂ ਇੱਕ ਹੈ, ਦਾ ਉਦੇਸ਼ 2 ਅਪ੍ਰੈਲ, 2023 ਨੂੰ 23 ਦੇਸ਼ਾਂ ਅਤੇਭਾਰਤ ਦੇ 65 ਸ਼ਹਿਰਾਂ ਵਿੱਚ ਆਯੋਜਿਤ ਹੋਣ ਵਾਲੀ ਆਈ.ਆਈ.ਐੱਫ.ਐੱਲਜੀਤੋ ਜੀਤੋ ਅਹਿੰਸਾ ਦੌੜ ਦੇ ਨਾਲ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਬਣਾਉਣਦਾ ਉਦੇਸ਼ ਰੱਖਿਆ ਹੈ। ਸ਼ਾਂਤੀ ਅਤੇ ਅਹਿੰਸਾ ਲਈ ਇਹ ਸਭ ਤੋਂ ਵੱਡੀ ਦੌੜ ਹੈ। ਇਸ ਦੌੜ ਦਾ ਆਯੋਜਨਜੀਤੋ 8 (ਜੈਨ ਇੰਟਰਨੈਸ਼ਨਲ ਟਰੇਡ ਆਰਗੇਨਾਈਜ਼ੇਸ਼ਨ) ਦੇ ਮਹਿਲਾ ਵਿੰਗ ਅਤੇ ਆਈ.ਆਈ.ਐੱਫ.ਐੱਲਤੋਂ ਇਲਾਵਾ ਜੀਤੋ ਜੀਤੋ ਦੇ ਵਲੰਟੀਅਰਾਂ ਅਤੇ ਸਮਰਥਕਾਂ ਦੁਆਰਾ ਦੁਨੀਆ ਭਰ ਵਿੱਚ ਕੀਤਾ ਗਿਆ ਹੈ।

ਵੀਆਈ.ਆਈ.ਐੱਫ.ਐੱਲਜੀਤੋ ਜੀਤੋ ਅਹਿੰਸਾ ਰਨ ਦਾ ਹਿੱਸਾ ਬਣਨ ਲਈ https://ahimsarun.com/ ਤੇ ਕੋਈ ਵੀ ਰਜਿਸਟਰ ਕਰ ਸਕਦਾ ਹੈ। ਰਜਿਸਟ ?ਰੇਸ਼ਨ ਲਿੰਕ 17 ਮਾਰਚ,




2023 ਨੂੰ ਖੁੱਲੇਗਾ ਅਤੇ ਕੋਈ ਵੀ ਉਹ ਸ਼ਹਿਰ ਅਤੇ ਦੇਸ਼ ਚੁਣ ਸਕਦਾ ਹੈ ਜਿਸ ਵਿੱਚ ਉਹ ਦੌੜਨਾ ਚਾਹੁੰਦਾ ਹੈ। ਆਈ.ਆਈ.ਐੱਫ.ਐੱਲਜੀਤੋ ਜੀਤੋ ਅਹਿੰਸਾ ਰਨ ਦਾ ਉਦੇਸ਼ ਜੰਗਾਂ, ਨਫ਼ਰਤ ਨੂੰ ਰੋਕਣ ਅਤੇ ਸਾਡੇ ਆਲੇ-ਦੁਆਲੇ ਵਿੱਚ ਸ਼ਾਂਤੀ ਅਤੇ ਅਹਿੰਸਾ ਲਿਆਉਣ ਲਈ ਇੱਕ ਬਿਹਤਰ ਸੰਸਾਰ ਲਈ ਜਾਗਰੂਕਤਾ ਪੈਦਾ ਕਰਨਾ ਹੈ।

ਅਹਿੰਸਾ' ਦਾ ਅਰਥ ਹੈ ਮੁਆਫ਼ੀ, ਸਕਾਰਾਤਮਕਤਾ, ਬ੍ਰਹਿਮੰਡੀ ਪਿਆਰ, ਤਾਕਤ ਅਤੇ ਭਾਈਚਾਰਾ। ਅਹਿੰਸਾਇੱਕ ਸ਼ਕਤੀ ਹੈ ਅਤੇ ਅੱਜ ਦੇ ਯਤਨਸ਼ੀਲ ਅਤੇ ਅਸ਼ਾਂਤ ਸਮੇਂ ਵਿੱਚ, ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਆਪਣੀ ਸ਼ਕਤੀ (ਤਾਕਤ) ਦਿਖਾਉਣ ਦੀ ਲੋੜ ਹੈ ਅਤੇ ਮਹਾਵੀਰ ਜਯੰਤੀ ਤੋਂ ਠੀਕ ਪਹਿਲਾਂ,ਆਈ.ਆਈ.ਐੱਫ.ਐੱਲਜੀਤੋ ਜੀਤੋ ਅਹਿੰਸਾਰਨ ਲਈ ਇਸ ਤੋਂ ਵਧੀਆ ਦਿੰਨ ਕਿਹੜਾ ਹੋ ਸਕਦਾ ਹੈ ਜਦੋਂ ਅਸੀਂ ਭਗਵਾਨ ਮਹਾਵੀਰ - ਮਾਫੀ ਦੇ ਪ੍ਰਭੂ ਨੂੰ ਸਤਿਕਾਰ ਦਿੰਦੇ ਹਾਂ। ਇਹ ਸਾਰੇ ਭਾਈਚਾਰਿਆਂ, ਲਿੰਗਾਂ ਅਤੇ ਉਮਰ ਸਮੂਹਾਂ ਲਈ ਇੱਕ ਦੌੜ ਹੈ। ਦੌੜ ਦਾ ਵਿਚਾਰ ਸਮੂਹਿਕ ਤਾਕਤ ਅਤੇ ਸੱਭ ਨੂੰ ਸ਼ਾਮਿਲ ਕਰਨ ਦਾ ਹੈ।

ਇਸ ਦੌੜ ਨੂੰ ਭਾਰਤ ਭਰ ਦੀਆਂ ਬਹੁਤ ਸਾਰੀਆਂ ਜਨਤਕ ਸ਼ਖਸੀਅਤਾਂ ਦੁਆਰਾ ਸਮਰਥਨ ਦਿੱਤਾ ਗਿਆ ਹੈ ਅਤੇ ਇਸਦਾ ਉਦੇਸ਼ ਨੌਜਵਾਨ ਪੀੜ੍ਹੀ ਨੂੰ ਛੋਟੀ ਉਮਰ ਵਿੱਚ ਸ਼ਾਂਤੀ ਅਤੇ ਅਹਿੰਸਾ ਵੱਲ ਪਹਿਲਕਦਮੀ ਕਰਨਾ ਹੈਜਿੱਥੇ ਭਵਿੱਖਵਿੱਚਯੁੱਧ ਅਤੇ ਹਿੰਸਾ ਅਤੀਤ ਦੀ ਗੱਲ ਬਣ ਜਾਵੇਗੀ। ਆਈ.ਆਈ.ਐੱਫ.ਐੱਲਜੀਤੋ ਜੀਤੋ ਅਹਿੰਸਾ ਰਨ"ਦਾ ਵਿਚਾਰ ਆਈ.ਆਈ.ਐੱਫ.ਐੱਲਗਰੁੱਪ ਦੇ ਫਲਸਫੇ - ਨਿਰਪੱਖਤਾ, ਇਮਾਨਦਾਰੀ ਅਤੇ ਪਾਰਦਰਸ਼ਤਾ - ਅਤੇ 'ਸੀਦੀ ਬਾਤ' ਜਾਂ ਸਿੱਧੀ ਗੱਲਬਾਤ ਨਾਲ ਗੂੰਜਦਾ ਹੈ। ਆਈ.ਆਈ.ਐੱਫ.ਐੱਲਸਮੂਹ 8 ਮਿਲੀਅਨ ਤੋਂ ਵੱਧ ਬੈਂਕ-ਰਹਿਤ ਅਤੇ ਅੰਡਰਬੈਂਕਡ ਗਾਹਕਾਂ ਨੂੰ ਕਰਜ਼ੇ ਪ੍ਰਦਾਨ ਕਰਕੇ ਭਾਰਤ ਵਿੱਚ ਵਿੱਤੀ ਸਮਾਵੇਸ਼ ਦਾ ਇੱਕ ਮੋਢੀ ਹੈ ਅਤੇ ਇਸਦਾ ਉਦੇਸ਼ ਪੂਰੇ ਭਾਰਤ ਵਿੱਚ ਛੋਟੇ ਉੱਦਮੀਆਂ ਦੇ ਸੁਪਨਿਆਂ ਨੂੰ ਪੂਰਾ ਕਰਨਾ ਹੈ। ਆਈ.ਆਈ.ਐੱਫ.ਐੱਲਫਾਊਂਡੇਸ਼ਨ ਕੁੜੀਆਂ ਦੀ ਸਿੱਖਿਆ, ਸਿਹਤ, ਗਰੀਬੀ ਦੂਰ ਕਰਨ ਅਤੇ ਰੋਜ਼ੀ-ਰੋਟੀ ਲਈ ਵੱਡੇ ਪੱਧਰ 'ਤੇ ਕੰਮ ਕਰਦੀ ਹੈ ਅਤੇ 36,000 ਤੋਂ ਵੱਧ ਸਕੂਲ ਨਾ ਜਾਣ ਵਾਲੀਆਂ ਕੁੜੀਆਂ ਨੂੰ ਸਹਾਇਤਾ ਕਰਦੀ ਹੈ। ਆਈ.ਆਈ.ਐੱਫ.ਐੱਲਗਰੁੱਪ, ਸ਼੍ਰੀ ਨਿਰਮਲ ਜੈਨਦੁਆਰਾ ਸਥਾਪਿਤ ਕੀਤਾ ਗਿਆ ਹੈ, ਜੋਸਿਰਫ਼ ਦੋ ਦਹਾਕਿਆਂ ਵਿੱਚ ਭਾਰਤ ਵਿੱਚ ਸਭ ਤੋਂ ਸਫਲ ਵਿੱਤੀ ਸਮੂਹਾਂ ਵਿੱਚੋਂ ਇੱਕ ਬਣ ਗਿਆ ਹੈ।ਇਹ ਵੱਖਰੇ ਤੌਰ ਤੇ ਸੂਚੀਬੱਧ ਕਾਰੋਬਾਰਾਂ - ਆਈ.ਆਈ.ਐੱਫ.ਐੱਲਵਿੱਤ, ਆਈ.ਆਈ.ਐੱਫ.ਐੱਲਵੈੱਲਥ (360 ਵਨ),ਆਈ.ਆਈ.ਐੱਫ.ਐੱਲਸੈਕੁਰਟੀਜ਼ ਅਤੇ Epaisa.com - ਹਰੇਕ ਖੰਡਵਿੱਚ ਲੀਡਰਸ਼ਿਪਕਰਦੇ ਹਨ। ਗਰੁੱਪ ਦੀਆਂ ਦੋ ਸਹਾਇਕ ਕੰਪਨੀਆਂ ਆਈ.ਆਈ.ਐੱਫ. ਐੱਲਹੋਮ ਲੋਨਅਤੇ ਆਈ.ਆਈ.ਐੱਫ. ਐੱਲਸਮਸਤਾ ਫਾਇਨਾਂਸ ਵੀ ਹਨ, ਜੋ ਕਿ ਕ੍ਰਮਵਾਰ ਸਭ ਤੋਂ ਵੱਡੇ ਕਿਫਾਇਤੀ ਹਾਊਸਿੰਗ ਫਾਈਨਾਂਸ ਅਤੇ ਮਾਈਕ੍ਰੋਫਾਈਨਾਂਸ ਕਾਰੋਬਾਰਾਂ ਵਿੱਚੋਂ ਇੱਕ ਹਨ।

# ਵਿਸ਼ਵ ਜੰਗਲਾਤ ਦਿਵਸ 2023 ਨੂੰ ਸਮਰਪਿਤ

## ਡਿਪਟੀ ਕਮਿਸ਼ਨਰ ਵਲੋਂ 'ਲੁਧਿਆਣਾ ਦੇ ਆਲੇ-ਦੁਆਲੇ ਜੰਗਲ' ਸਿਰਲੇਖ ਹੇਠ ਡਾਕਊਮੈਂਟਰੀ ਤੇ ਕਿਤਾਬਚਾ ਰੀਲੀਜ, ਲੁਧਿਆਣਾ ਦੇ ਨਾਗਰਿਕਾਂ ਨੂੰ ਮਨਮੋਹਕ ਜੰਗਲੀ ਸਥਾਨਾਂ ਨੂੰ ਵੇਖਣ ਲਈ ਕਰੇਗਾ ਪ੍ਰੇਰਿਤ




**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਡਿਪਟੀ ਕਮਿਸ਼ਨਰ ਲੁਧਿਆਣਾ ਸੁਰਭੀ ਮਲਿਕ, ਆਈ.ਏ.ਐਸ. ਵਲੋਂ ਵਿਸ਼ਵ ਜੰਗਲਾਤ ਦਿਵਸ 2023 ਮੌਕੇ ਸਥਾਨਕ ਮਿੰਨੀ ਸਕੱਤਰੇਤ ਵਿਖੇ ਆਯੋਜਿਤ ਸਮਾਗਮ ਦੌਰਾਨ 'ਲੁਧਿਆਣਾ ਦੇ ਆਲੇ-ਦੁਆਲੇ ਜੰਗਲ' ਸਿਰਲੇਖ ਹੇਠ ਡਾਕਊਮੈਂਟਰੀ ਫਿਲਮ ਅਤੇ ਪਿਕਟੋਰੀਅਲ ਬਰੋਸ਼ਰ ਰੀਲੀਜ ਕੀਤੇ ਗਏ ਜਿਸ ਵਿੱਚ ਲੁਧਿਆਣਾ ਦੇ ਇਰਦ-ਗਿਰਦ ਸਥਾਪਤ ਜੰਗਲਾਤ ਏਰੀਏ ਨੂੰ ਦਰਸਾਇਆ ਗਿਆ ਹੈ, ਜਿਸ ਨੂੰ ਉੱਘੇ ਲੇਖਕ ਅਤੇ ਕੁਦਰਤ ਪ੍ਰੇਮੀ ਹਰਪ੍ਰੀਤ ਸੰਧੂ ਵਲੋਂ ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਜੰਗਲਾਤ ਵਿਭਾਗ, ਲੁਧਿਆਣਾ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ ਹੈ।

'ਲੁਧਿਆਣਾ ਦੇ ਆਲੇ ਦੁਆਲੇ ਜੰਗਲ' ਫਿਲਮ ਅਤੇ ਚਿੱਤਰਕਾਰੀ ਕਿਤਾਬਚਾ ਜੰਗਲ ਵਿੱਚ ਸੁੰਦਰ ਬਨਸਪਤੀ-ਜੰਤੂਆਂ ਅਤੇ ਕੁਦਰਤੀ ਸਹਿਜਤਾ ਨੂੰ ਦਰਸਾਉਂਦਾ ਹੈ. ਇਸ ਚਿੱਤਰਕਾਰੀ ਦਾ ਉਦੇਸ਼ ਲੁਧਿਆਣਾ ਦੇ ਨਾਗਰਿਕਾਂ ਦੇ ਅੰਦਰ ਕੁਦਰਤ ਦੀ ਮਹੱਤਤਾ ਨੂੰ ਉਤਸ਼ਾਹਿਤ ਕਰਨਾ ਹੈ ਕਿਉਂਕਿ ਇਹ ਮੱਤੇਵਾੜਾ ਜੰਗਲ, ਗੜ੍ਹੀ ਫਾਜ਼ਿਲ ਜੰਗਲ, ਨੀਲੋਂ ਜੰਗਲ, ਨਿਊ ਹੈਦਰ ਨਗਰ ਜੰਗਲਾਤ ਅਤੇ ਹਲਵਾਰਾ ਜੰਗਲ ਦੇ ਸੱਚਮੁੱਚ ਸ਼ਾਨਦਾਰ ਜੰਗਲੀ ਖੇਤਰਾਂ ਨੂੰ ਦਰਸਾਉਂਦਾ ਹੈ, ਜਿਸ ਨਾਲ ਲੁਧਿਆਣਾ ਦੇ ਲੋਕਾਂ ਉਨ੍ਹਾਂ ਦੇ ਆਲੇ-ਦੁਆਲੇ ਕੁਦਰਤ ਨੂੰ ਨੇੜਿਓਂ ਦੇਖਣ ਦਾ ਮੌਕਾ ਮਿਲਦਾ ਹੈ। ਡਿਪਟੀ ਕਮਿਸ਼ਨਰ ਮਲਿਕ ਵਲੋਂ ਪਿਕਟੋਰੀਅਲ ਬਰੋਸ਼ਰ ਅਤੇ ਫਿਲਮ ਨੂੰ ਰਿਲੀਜ਼ ਕਰਨ ਉਪਰੰਤ ਕੁਦਰਤ ਪ੍ਰੇਮੀ ਹਰਪ੍ਰੀਤ ਸੰਧੂ ਵੱਲੋਂ ਜ਼ਿਲ੍ਹਾ ਲੁਧਿਆਣਾ ਦੇ ਕੁਦਰਤੀ ਜੰਗਲਾਂ ਦੇ ਸਥਾਨਾਂ ਦੇ ਸ਼ਾਨਦਾਰ ਰੰਗਾਂ ਨੂੰ ਪ੍ਰਫੁੱਲਤ ਕਰਨ ਲਈ ਜੰਗਲਾਤ ਵਿਭਾਗ ਲੁਧਿਆਣਾ ਨਾਲ ਸਾਂਝੇ ਕੰਮ ਦੀ ਸ਼ੁਰੂਆਤ ਕਰਨ ਲਈ ਕੀਤੇ ਗਏ ਸਮਰਪਿਤ ਯਤਨਾਂ ਦੀ ਸ਼ਲਾਘਾ ਕੀਤੀ। ਡਵੀਜ਼ਨਲ ਜੰਗਲਾਤ ਅਫ਼ਸਰ, ਲੁਧਿਆਣਾ ਹਰਭਜਨ ਸਿੰਘ, ਪੀ.ਐਫ.ਐਸ. ਵਲੋਂ ਜ਼ਿਲ੍ਹਾ ਲੁਧਿਆਣਾ ਅਤੇ ਇਸ ਦੇ ਆਲੇ-ਦੁਆਲੇ ਕੁਦਰਤੀ ਜੰਗਲਾਂ ਦੀ ਸ਼ਾਂਤ ਅਤੇ ਸ਼ਾਨਦਾਰ ਸੁੰਦਰਤਾ ਨੂੰ ਆਪਣੇ ਕੈਮਰੇ ਰਾਹੀਂ ਕੈਦ ਕਰਨ ਲਈ ਕੁਦਰਤ ਪ੍ਰੇਮੀ ਹਰਪ੍ਰੀਤ ਸੰਧੂ ਦੇ ਅਣਥੱਕ ਯਤਨਾਂ ਦੀ ਸ਼ਲਾਘਾ ਕੀਤੀ, ਜਿਸ ਨਾਲ ਲੁਧਿਆਣਾ ਦੇ ਨਾਗਰਿਕਾਂ ਵਿੱਚ ਜ਼ਿਲ੍ਹਾ ਲੁਧਿਆਣਾ ਦੇ ਸੈਰ ਸਪਾਟੇ ਲਈ ਹੋਰ ਉਤਸਾਹ ਵਧੇਗਾ।

ਲਘੂ ਫਿਲਮ ਦੇ ਨਿਰਮਾਤਾ ਹਰਪ੍ਰੀਤ ਸੰਧੂ ਨੇ ਦੱਸਿਆ ਕਿ ਜੰਗਲਾਤ ਵਿਭਾਗ ਲੁਧਿਆਣਾ ਦੇ ਸਹਿਯੋਗ ਨਾਲ ਮੱਤੇਵਾੜਾ ਦੇ ਜੰਗਲਾਂ ਵਿੱਚ ਅਤੇ ਆਲੇ-ਦੁਆਲੇ ਦੇ ਇਸ ਚਿੱਤਰਕਾਰੀ ਦੇ ਕੰਮ ਨੂੰ ਪੂਰਾ ਕਰਨ ਵਿੱਚ ਤਿੰਨ ਮਹੀਨਿਆਂ ਤੋਂ ਵੱਧ ਦਾ ਸਮਾਂ ਲੱਗਾ ਹੈ ਅਤੇ ਇਸ ਨੂੰ ਇੱਕ ਲਘੂ ਫਿਲਮ ਅਤੇ ਤਸਵੀਰ ਵਾਲੇ ਬਰੋਸ਼ਰ ਦੇ ਰੂਪ ਵਿੱਚ ਤਿਆਰ ਕੀਤਾ ਗਿਆ ਹੈ ਤਾਂ ਜੋ ਇਸ ਦੇ ਜੀਵੰਤ ਰੰਗਾਂ ਨੂੰ ਪੇਸ਼ ਕੀਤਾ ਜਾ ਸਕੇ। ਜ਼ਿਲ੍ਹਾ ਲੁਧਿਆਣਾ ਦੇ ਸ਼ਾਨਦਾਰ ਪੇਂਡੂ ਜੰਗਲਾਂ ਦੇ ਸਥਾਨ ਜੋ ਕਿ ਲੁਧਿਆਣਾ ਦੇ ਨਾਗਰਿਕਾਂ ਲਈ ਅੱਖਾਂ ਖੋਲ੍ਹਣ ਵਾਲੇ ਹੋਣਗੇ ਕਿਉਂਕਿ ਉਹ ਚਿੱਤਰਕਾਰੀ ਦੇ ਜ਼ਰੀਏ ਇਨ੍ਹਾਂ ਕੁਦਰਤੀ ਖਜ਼ਾਨਿਆਂ ਨੂੰ ਦੇਖ ਸਕਦੇ ਹਨ ਜੋ ਉਨ੍ਹਾਂ ਦੇ ਆਪਣੇ ਵਿਹੜੇ ਵਿੱਚ ਲੁਕੇ ਹੋਏ ਹਨ।

# ਕਨੇਡਾ ਤੋਂ ਆ ਕੇ ਗੋਰੀ ਨੇ ਪਾਇਆ ਲੁਧਿਆਣਾ ਦੇ ਖੇਤਾਂ ਵਿਚ ਭੰਗੜਾ



**ਲੁਧਿਆਣਾ/ਸ਼ੰਮੀ ਕੁਮਾਰ**

ਅਜੋਕੇ ਸਮਾਂ ਵਿੱਚ ਆਪਣਾ ਟੈਲੇਂਟ ਦੁਨੀਆ ਦੇ ਸਾਹਮਣੇ ਪੇਸ਼ ਕਰਣ ਲਈ ਸਲ ਮੀਆ ਇੱਕ ਚੰਗੇਰੇ ਜਰਿਆ ਹੈ ।ਇੰਰਨੇਟ ਉੱਤੇ ਕਦੋਂ ਕੌਣ ਵਾਇਲ ਹੋ ਜਾਵੇ ਇਸਦੇ ਬਾਰੇ ਵਿੱਚ ਅੰਦਾਜਾ ਲਗਾਉਣਾ ਬਹੁਤ ਮਕਲ ਹੈ ।ਇਸ ਤਰ੍ਹਾਂ ਦੇ ਕਈ ਉਦਾਹਰਣ ਵੀ ਸਾਨੂੰ ਸੋਲ ਮੀਆ ਉੱਤੇ ਆਏ ਦਿਨ ਦੇਖਣ ਨੂੰ ਮਿਲਦੇ ਹਨ ।ਇਸ ਕ੍ਰਮ ਵਿੱਚ ਇਸ ਦਿਨਾਂ ਇੱਕ ਵੀਓ ਕਾਫ਼ੀ ਤੇਜੀ ਵਲੋਂ ਵਾਇਲ ਹੋ ਰਿਹਾ ਹੈ ।ਖ਼ਾਸ ਗੱਲ ਇਹ ਹੈ ਕਿ ਇਸ ਵੀਓ ਵਿੱਚ ਇੱਕ ਫ਼ਰੰਗਣ ਨੂੰ ਬਾਲੀਵੁਡ ਦੇ ਗਾਨੇ ਉੱਤੇ ਜੱਮਕੇ ਠੁਮਕੇ ਲਗਾਉਂਦੇ ਹੋਏ ਵੇਖਿਆ ਜਾ ਰਿਹਾ ਹੈ ।ਤੀਵੀਂ ਦਾ ਡਾਂਸ ਇੰਨਾ ਜਬਦਸਤ ਹੈ ਕਿ ਉਸਨੇ ਲੋਕਾਂ ਦਾ ਦਿਲ ਜਿੱਤ ਲਿਆ ਹੈ ।ਇਹੀ ਕਾਰਨ ਹੈ ਕਿ ਲੋਕ ਤੀਵੀਂ ਦੀ ਖ਼ੂਬ ਤਾਰੀਫ ਕਰ ਰਹੇ ਹਨ ਅਤੇ ਵੀਓ ਨੂੰ ਜੱਮਕੇ ਸ਼ੇਰ ਕਰ ਰਹੇ ਹਨ ।

# ਬੀਮਾ ਪ੍ਰੀਮੀਅਮ ਲੈਂਦੇ ਸਮੇਂ ਕੰਪਨੀਆਂ ਨੂੰ ਮਿਆਦ ਅਤੇ ਸ਼ਰਤਾਂ ਦੀ ਕਾਪੀ ਜ਼ਰੂਰ ਦੇਣੀ ਚਾਹੀਦੀ ਹੈ : ਲਖਵਿੰਦਰ ਸਿੰਘ ਔਲਖ

**ਕਾਲਾਂਵਾਲੀ/ਪਵਨਸ਼ਰਮਾ**

2022-23 ਦੀ ਫਸਲ ਬੀਮਾ ਪ੍ਰੀਮੀਅਮ ਪਾਲਿਸੀ ਸਾਰੇ ਸੱਤ ਬਲਾਕਾਂ ਤੱਕ ਪਹੁੰਚ ਗਈ ਸੀ ਬੀ.ਕੇ.ਈ ਨੇ ਸਾਰੇ ਬਲਾਕ ਸਿਰਸਾ ਦੇ ਬੀਮਾ ਕੰਪਨੀ ਕਰਮਚਾਰੀਆਂ ਦੇ ਸੰਪਰਕ ਨੰਬਰ ਜਾਰੀ ਕੀਤੇ ਹਨ। ਭਾਰਤੀ ਕਿਸਾਨ ਏਕਤਾ ਨੇ ਸਿਰਸਾ ਵਿੱਚ ਮੀਂਹ, ਗੜੇਮਾਰੀ ਅਤੇ ਝੱਖੜ ਨਾਲ ਨੁਕਸਾਨੀਆਂ ਹਾੜ੍ਹੀ ਦੀਆਂ ਫ਼ਸਲਾਂ ਕਣਕ, ਸਰ੍ਹੋਂ ਆਦਿ ਦਾ ਸਰਵੇਖਣ ਕਰਕੇ ਖੇਤੀਬਾੜੀ ਬੀਮਾ ਕੰਪਨੀ ਤੋਂ ਬੀਮੇ ਦੇ ਕਲੇਮ ਦੀ ਮੰਗ ਕੀਤੀ ਹੈ। ਬੀ.ਕੇ.ਈ ਦੇ ਪ੍ਰਧਾਨ ਲਖਵਿੰਦਰ ਸਿੰਘ ਔਲਖ ਨੇ ਦੱਸਿਆ ਕਿ ਬੀਮਾ ਕੰਪਨੀ ਨੇ ਫਸਲ ਪੱਕਣ ਦੀ ਮਿਤੀ ਤੋਂ 15 ਦਿਨ ਪਹਿਲਾਂ ਅਪਲਾਈ ਕਰਨ ਦੀ ਆਖਰੀ ਮਿਤੀ ਰੱਖੀ ਹੈ, ਜਿਸ ਵਿੱਚ ਫਸਲ ਪੱਕਣ ਦੀ ਮਿਤੀ ਤੋਂ 15 ਦਿਨ ਪਹਿਲਾਂ ਕਿਸਾਨ ਖਰਾਬ ਹੋਈ ਫਸਲ ਦੇ 72 ਰੁਪਏ ਦੇ ਬੀਮਾ ਮੁਆਵਜ਼ੇ ਲਈ ਅਪਲਾਈ ਕਰ ਸਕਦਾ ਹੈ ਇੱਕ ਘੰਟੇ ਦੇ ਅੰਦਰ-ਅੰਦਰ ਕਲੇਮ ਕਰ ਸਕਦਾ ਹੈ, ਜੋ ਕਿ ਕਿਸਾਨਾਂ ਨਾਲ ਸਿੱਧਾ ਧੋਖਾ ਹੈ, ਕਿਉਂਕਿ ਕਿਸੇ ਹੋਰ ਮਕਾਨ, ਦੁਕਾਨਾਂ ਅਤੇ ਵਾਹਨਾਂ ਆਦਿ ਦੇ ਬੀਮੇ ਦੇ ਮਾਮਲੇ ਵਿੱਚ ਅਜਿਹੀ ਕੋਈ ਸ਼ਰਤ ਨਹੀਂ ਹੈ। ਕੰਪਨੀ ਮੁਤਾਬਕ 72 ਘੰਟਿਆਂ ਦੇ ਅੰਦਰ ਸਰ੍ਹੋਂ ਲਗਾਉਣ ਦੀ ਸਮਾਂ ਸੀਮਾ ਲੰਘ ਚੁੱਕੀ ਹੈ। ਕਿਸਾਨਾਂ ਨੂੰ ਇਸ ਹਾਲਤ ਦਾ ਉਦੋਂ ਪਤਾ ਲੱਗਾ ਜਦੋਂ ਉਨ੍ਹਾਂ ਨੇ 72 ਘੰਟਿਆਂ ਦੇ ਅੰਦਰ-ਅੰਦਰ ਆਪਣੀਆਂ ਖਰਾਬ ਹੋਈਆਂ ਫਸਲਾਂ ਲਈ ਅਰਜ਼ੀਆਂ ਦਿੱਤੀਆਂ। ਕਿਸਾਨ ਸਾਥੀ ਜਿਸ ਦੀ ਕਣਕ ਦੀ ਫਸਲ ਸੇਮ ਕਾਰਨ ਖਰਾਬ ਹੋ ਗਈ ਹੋ ਗਿਆ ਹੈ, ਉਹ 72 ਘੰਟਿਆਂ ਦੇ ਅੰਦਰ-ਅੰਦਰ ਆਪਣੀ ਫਸਲ ਦੇ ਨੁਕਸਾਨ ਦੀ ਜਾਣਕਾਰੀ ਆਨਲਾਈਨ, ਟੋਲ ਫਰੀ ਨੰਬਰ ਅਤੇ ਖੇਤੀਬਾੜੀ ਦਫ਼ਤਰ ਵਿੱਚ ਦੇ ਕੇ ਸੂਚਿਤ ਕਰੇ। ਇਹ ਜਾਣਕਾਰੀ ਦੇਣ ਲਈ, ਯਕੀਨੀ ਤੌਰ 'ਤੇ ਹਾੜ੍ਹੀ 2022-23 ਦੀ ਬੀਮਾ ਪਾਲਿਸੀ ਨੰਬਰ ਦਿਓ, ਤਾਂ ਜੋ ਤੁਸੀਂ ਆਪਣੀ ਖਰਾਬ ਹੋਈ ਫਸਲ ਦਾ ਪੂਰਾ ਬੀਮਾ ਕਲੇਮ ਪ੍ਰਾਪਤ ਕਰ ਸਕੋ। ਇਸ ਲਈ ਅਸੀਂ ਸਮੇਂ-ਸਮੇਂ 'ਤੇ ਖੇਤੀਬਾੜੀ ਬੀਮਾ ਕੰਪਨੀ ਅਤੇ ਖੇਤੀਬਾੜੀ ਵਿਭਾਗ ਤੋਂ ਮੰਗ ਕਰਦੇ ਹਾਂ ਕਿ ਹਰੇਕ ਕਿਸਾਨ ਨੂੰ ਬੀਮੇ ਦਾ ਪ੍ਰੀਮੀਅਮ ਲੈਂਦੇ ਸਮੇਂ ਸਾਰੇ ਨਿਯਮਾਂ ਅਤੇ ਸ਼ਰਤਾਂ ਦੀ ਕਾਪੀ ਦਿੱਤੀ ਜਾਵੇ। ਹਾੜ੍ਹੀ 2022-23 ਦੀ ਫਸਲ ਬੀਮਾ ਪਾਲਿਸੀ ਦੀ ਕਾਪੀ ਸਿਰਸਾ ਜ਼ਿਲ੍ਹੇ ਦੇ ਸਾਰੇ ਸੱਤ ਬਲਾਕਾਂ ਵਿੱਚ ਜਾ ਚੁੱਕੀ ਹੈ।

# ਅੰਮ੍ਰਿਤਪਾਲ ਦੇ ਹੱਕ 'ਚ ਹਾਈਵੇ ਜਾਮ ਦਾ ਸੱਦਾ ਦੇਣ ਵਾਲਿਆਂ 'ਤੇ ਪੁਲਿਸ ਸਖਤ ਕਰ ਰਹੀ ਕਾਰਵਾਈ

**ਲੁਧਿਆਣਾ/ਸ਼ੰਮੀ ਕੁਮਾਰ**

ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਦੇ ਸਮਰਥਨ ਵਿੱਚ ਹਾਈਵੇਅ ਜਾਮ ਕਰਨ ਵਾਲਿਆਂ 'ਤੇ ਪੁਲਿਸ ਨੇ ਸ਼ਿਕੰਜਾ ਕੱਸ ਦਿੱਤਾ ਹੈ। ਸੜਕਾਂ 'ਤੇ ਪ੍ਰਦਰਸ਼ਨ ਕਰ ਰਹੇ ਲੋਕਾਂ ਖਿਲਾਫ ਪੁਲਸ ਲਗਾਤਾਰ ਕਾਰਵਾਈ ਕਰ ਰਹੀ ਹੈ। ਇਸ ਦੇ ਨਾਲ ਹੀ ਸੋਸ਼ਲ ਮੀਡੀਆ 'ਤੇ ਭੜਕਾਊ ਭਾਸ਼ਣ ਜਾਂ ਗਲਤ ਤਰੀਕੇ ਨਾਲ ਭੜਕਾਊ ਪੋਸਟਾਂ ਸ਼ੇਅਰ ਕਰਨ ਵਾਲਿਆਂ ਖਿਲਾਫ ਮਾਮਲਾ ਦਰਜ ਕੀਤਾ ਜਾ ਰਿਹਾ ਹੈ। ਇਸੇ ਦੌਰਾਨ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਨੈਸ਼ਨਲ ਹਾਈਵੇਅ ਜਾਮ ਕਰਨ ਦਾ ਸੱਦਾ ਦੇਣ ਵਾਲੇ ਗੁਰਦਾਸਪੁਰ ਸਥਿਤ ਪੰਜਾਬ ਫੈਡਰੇਸ਼ਨ ਦੇ ਪ੍ਰਧਾਨ ਇੰਦਰਪਾਲ ਸਿੰਘ ਬੈਂਸ ਨੂੰ ਪੁਲੀਸ ਨੇ ਨਜ਼ਰਬੰਦ ਕਰ ਦਿੱਤਾ। ਇੰਦਰਪਾਲ ਸਿੰਘ ਦੇ ਘਰ ਦੇ ਬਾਹਰ ਪੁਲਿਸ ਬਲ ਤੈਨਾਤ ਕੀਤਾ ਹੋਇਆ ਹੈ।

ਇਸੇ ਤਰ੍ਹਾਂ ਜ਼ਿਲ੍ਹਾ ਲੁਧਿਆਣਾ ਦੇ ਕਸਬਾ ਸਮਰਾਲਾ ਵਿੱਚ ਖੰਨਾ ਪੁਲੀਸ ਨੇ ਅੰਮ੍ਰਿਤਪਾਲ ਸਿੰਘ ਦੇ ਚਾਰ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਸਾਰੇ ਸੋਮਵਾਰ ਨੂੰ ਅੰਮ੍ਰਿਤਪਾਲ ਸਿੰਘ ਖਿਲਾਫ ਪੁਲਸ ਦੀ ਕਾਰਵਾਈ ਤੋਂ ਬਾਅਦ ਲੋਕਾਂ ਨੂੰ ਰੋਸ ਪ੍ਰਦਰਸ਼ਨ ਕਰਨ ਅਤੇ ਰੋਡ ਜਾਮ ਕਰਨ



ਲਈ ਉਕਸਾ ਰਹੇ ਸਨ।

ਦੱਸਿਆ ਜਾ ਰਿਹਾ ਹੈ ਕਿ ਸੋਸ਼ਲ ਮੀਡੀਆ 'ਤੇ ਵੀ ਇਹ ਲੋਕ ਗਲਤ ਜਾਣਕਾਰੀ ਸਾਂਝੀ ਕਰ ਰਹੇ ਸਨ, ਜਿਸ ਨਾਲ ਮਾਹੌਲ ਖਰਾਬ ਹੋ ਗਿਆ। ਪਰ ਪੁਲਿਸ ਨੇ ਸਮੇਂ ਸਿਰ ਉਨ੍ਹਾਂ ਨੂੰ ਕਾਬੂ ਕਰ ਲਿਆ। ਫੜੇ ਗਏ ਮੁਲਜ਼ਮਾਂ ਦੀ ਪਛਾਣ ਈਸ਼ਵਰ ਸਿੰਘ ਵਾਸੀ ਪਿੰਡ ਮਾਨੂਪੁਰ, ਗੁਰਪ੍ਰੀਤ ਸਿੰਘ ਵਾਸੀ ਪਿੰਡ ਉਟਾਲਾ, ਸੁਖਵਿੰਦਰ ਸਿੰਘ ਵਾਸੀ ਪਿੰਡ ਭਗਵਾਨਪੁਰਾ ਅਤੇ ਜਗਤਾਰ ਸਿੰਘ ਵਾਸੀ ਪਿੰਡ ਰਾਣਵਾ ਵਜੋਂ ਹੋਈ ਹੈ।

ਖੰਨਾ ਦੇ ਐਸਐਸਪੀ ਅਮਨੀਤ ਕੌਂਡਲ ਨੇ ਦੱਸਿਆ ਕਿ ਪੁਲੀਸ ਨੂੰ ਸੂਚਨਾ ਮਿਲੀ ਸੀ ਕਿ ਇਹ 4 ਮੁਲਜ਼ਮ ਲੋਕਾਂ ਨੂੰ ਪੁਲੀਸ ਖ਼ ?ਲਾਫ਼ ਭੜਕਾ ਰਹੇ ਹਨ। ਉਹ ਲੋਕਾਂ ਨੂੰ ਖੰਨਾ ਵਿਖੇ ਨੈਸ਼ਨਲ ਹਾਈਵੇਅ ਜਾਮ ਕਰਨ ਲਈ ਮਜਬੂਰ ਕਰ ਰਿਹਾ ਸੀ। ਪੁਲਿਸ ਨੇ ਹਰਕਤ ਵਿੱਚ ਆਉਂਦਿਆਂ ਚਾਰਾਂ ਮੁਲਜ਼ਮਾਂ ਨੂੰ ਸੀਆਰਪੀਸੀ ਦੀ ਧਾਰਾ 107 ਅਤੇ 151 ਤਹਿਤ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਐਸਐਸਪੀ ਕੌਂਡਲ ਨੇ ਕਿਹਾ ਕਿ ਖੰਨਾ ਵਿੱਚ ਅਮਨ-ਕਾਨੂੰਨ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਪੁਲੀਸ ਬਖਸ਼ੇਗੀ ਨਹੀਂ। ਪੁਲਿਸ ਸੋਸ਼ਲ ਨੈਟਵਰਕਿੰਗ ਸਾਈਟਾਂ 'ਤੇ ਪੋਸਟਾਂ 'ਤੇ ਤਿੱਖੀ ਨਜ਼ਰ ਰੱਖ ਰਹੀ ਹੈ। ਪੁਲਿਸ ਕਿਸੇ ਵੀ ਵਿਅਕਤੀ ਵਿਰੁੱਧ ਕਾਰਵਾਈ ਕਰੇਗੀ ਜੋ ਜਾਅਲੀ ਖ਼ਬਰਾਂ ਫੈਲਾਉਂਦਾ ਹੈ ਜਾਂ ਲੋਕਾਂ ਨੂੰ ਕਾਨੂੰਨ ਆਪਣੇ ਹੱਥਾਂ ਵਿੱਚ ਲੈਣ ਲਈ ਉਕਸਾਉਣ ਦੀ ਕੋਸ਼ਿਸ਼ ਕਰਦਾ ਹੈ। ਪੁਲੀਸ ਨੇ ਖੰਨਾ ਵਿੱਚ ਸਮਾਜ ਦੇ ਵੱਖ-ਵੱਖ ਵਰਗਾਂ ਦੇ ਆਗੂਆਂ ਨਾਲ ਮੀਟਿੰਗ ਕੀਤੀ। ਫਲੈਗ ਮਾਰਚ ਵੀ ਕੱਢਿਆ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਬੇਹਾਲੀ ਵਿਖੇ ਵਿਸ਼ਵ ਉਰਲ ਹੈਲਥ ਦਿਵਸ ਮਨਾਇਆ

## ਸਾਡਾ ਮੂੰਹ ਸਾਡਾ ਮਾਨ : ਡਾ. ਨਤਾਸ਼ਾ ਅੱਤਰੀ




**ਦੋਰਾਂਗਲਾ/ਰਾਕੇਸ਼ ਜੀਵਨ ਚੱਕ**

ਸਿਵਲ ਸਰਜਨ ਗੁਰਦਾਸਪੁਰ ਡਾ. ਕੁਲਵਿੰਦਰ ਕੌਰ ਅਤੇ ਜ਼ਿਲਾ ਡੈਂਟਲ ਸਿਹਤ ਅਫਸਰ ਡਾ. ਸ਼ੈਲਾ ਕੰਵਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਮਿਤੀ 20 ਮਾਰਚ 2023 ਨੂੰ ÷ਵਿਸ਼ਵ ਉਰਲ ਹੈਲਥ ਦਿਵਸ÷ ਮਨਾਉਣ ਦੀ ਹਿਦਾਇਤਾਂ ਦੀ ਪਾਲਣਾ ਕਰਦਿਆਂ ਪੀ.ਐਚ.ਸੀ ਰਣਜੀਤ ਬਾ.ਗ ਦੇ ਮੈਡੀਕਲ ਅ.ਫਸਰ ਡੈਂਟਲ ਡਾ. ਨਤਾਸ਼ਾ ਅੱਤਰੀ(ਐਮ.ਡੀ.ਐਸ.) ਦਵਾਰਾ ਹੈਲਥ ਐਂਡ ਵੈੱਲਨੈੱਸ ਸੈਂਟਰ ਦੀ ਸੀ.ਐਚ.ਓ ਨਵਜੋਤ ਕੌਰ ਨਾਲ ਤਾਲਮੇਲ ਕਰਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕਿਆਂ) ਬੱਬੇਹਾਲੀ ਵਿਖੇ ਅੱਜ ਸਾਇਕਲ ਰੈਲੀ ਅਤੇ ਪੇਂਟਿੰਗ ਮੁਕਾਬਲਾ ਕਰਵਾਇਆ ਗਿਆ। ਡਾ. ਨਤਾਸ਼ਾ ਅੱਤਰੀ ਵੱਲੋਂ ਡਰਾਇੰਗ ਮੁਕਾਬਲੇ ਵਿਚ ਜੇਤੂ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਵੀ ਕੀਤਾ ਗਿਆ ਅਤੇ ਵਿਸ਼ਵ ਉਰਲ ਹੈਲਥ ਦਿਵਸ ਦੀ ਮਹੱਤਤਾ ਅਤੇ ਬੀ ਪ੍ਰਾਉਡ ਆਫ਼ ਯੁਅਰ ਮਾਊਥ ਥੀਮ ਦੇ ਮਕਸਦ ਨੂੰ ਸਾਂਝਿਆਂ ਕਰਦਿਆਂ ਮੂੰਹ ਅਤੇ ਦੰਦਾਂ ਦੀ ਸੰਭਾਲ ਦੇ ਨਾਲ ਨਾਲ ਸਵਸਥ ਮੂੰਹ ਅਤੇ ਸਵਸਥ ਸਿਹਤ ਬਾਰੇ ਵਿਸਥਾਰ ਨਾਲ ਸਮਝਾਇਆ ਗਿਆ। ਤੰਬਾਕੂ ਅਤੇ ਹੋਰ ਕਿਸਮ ਦੇ ਨਸ਼ਿਆਂ ਤੋਂ ਦੂਰ ਰਹਿਣ ਦੀ ਵਿਦਿਆਰਥੀਆਂ ਨੂੰ ਤਾਕੀਦ ਕੀਤੀ ਗਈ। ਉਹਨਾਂ ਨੇ ਇਸ ਉਪਰਾਲੇ ਨੂੰ ਪੂਰਨ ਸਹਿਯੋਗ ਦੇਣ ਲਈ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਰਵੀ ਕਾਂਤ ਅਤੇ ਸਟਾਫ਼ ਮੈਂਬਰਾਂ ਦੇ ਨਾਲ ਨਾਲ ਹੈਲਥ ਵਰਕਰ ਦਰਬਾਰਾ ਸਿੰਘ ਦਾ ਵੀ ਧੰਨਵਾਦ ਕੀਤਾ। ਇਸ ਉਪਰੰਤ ਡਾ. ਨਤਾਸ਼ਾ ਅੱਤਰੀ ਵੱਲੋਂ ਹੈਲਥ ਐਂਡ ਵੈਲਨੈਸ ਸੈਂਟਰ ਬੱਬੇਹਾਲੀ ਵਿਖੇ ਸਟਾਫ਼ ਮੈਂਬਰਾਂ, ਆਮ ਲੋਕਾਂ ਅਤੇ ਮਰੀਜ਼ਾਂ ਨੂੰ ਵੀ ਬੀ ਪ੍ਰਾਉਡ ਆਫ਼ ਯੁਅਰ ਮਾਊਥ ਸੰਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਡਾ.ਅਮਨਦੀਪ, ਸਤਵਿੰਦਰ ਸਟਾਫ ਨਰਸ, ਆਸ਼ਾ ਵਰਕਰ ਮਨਜੀਤ ਕੌਰ ਅਤੇ ਸਮੂਹ ਸਟਾਫ ਮਿਨੀ ਪੀ.ਐਚ.ਸੀ ਬੱਬੇਹਾਲੀ ਨੇ ਸਹਿਯੋਗ ਦਿੱਤਾ।

# ਐੱਸ.ਡੀ.ਐੱਮ. ਦੀਨਾਨਗਰ ਪਰਮਪ੍ਰੀਤ ਸਿੰਘ ਗੁਰਾਇਆ ਨੇ ਕਾਨੂੰਨ ਵਿਵਸਥਾ ਦਾ ਜਾਇਜ਼ਾ ਲੈਣ ਲਈ ਪੁਲਿਸ ਅਧਿਕਾਰੀਆਂ ਨਾਲ ਮੀਟਿੰਗ ਕੀਤੀ



**ਦੀਨਾਨਗਰ/ਡਾ.ਰਮੇਸ਼ ਸਰੰਗਲ**

ਐੱਸ.ਡੀ.ਐੱਮ. ਦੀਨਾਨਗਰ ਸ. ਪਰਮਪ੍ਰੀਤ ਸਿੰਘ ਗੁਰਾਇਆ ਵੱਲੋਂ ਅੱਜ ਆਪਣੇ ਦਫ਼ਤਰ ਵਿਖੇ ਪੁਲਿਸ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਮੌਜੂਦਾ ਹਲਾਤਾਂ ਦੇ ਮੱਦੇਨਜ਼ਰ ਕਾਨੂੰਨ ਵਿਵਸਥਾ ਦਾ ਜਾਇਜਾ ਲਿਆ ਗਿਆ। ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਵਿਸ਼ੇਸ਼ ਚੌਕਸੀ ਵਰਤਣ ਅਤੇ ਸੋਸ਼ਲ ਮੀਡੀਆ ਉੱਪਰ ਖਾਸ ਨਜ਼ਰ ਰੱਖਣ। ਐੱਸ.ਡੀ.ਐੱਮ. ਦੀਨਾਨਗਰ ਸ. ਗੁਰਾਇਆ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਕਿਸੇ ਵੀ ਤਰ੍ਹਾਂ ਦੀ ਅਫਵਾਹ 'ਤੇ ਯਕੀਨ ਨਾ ਕਰਨ ਅਤੇ ਕਿਸੇ ਵੀ ਸੂਚਨਾ ਨੂੰ ਸੋਸ਼ਲ ਮੀਡੀਆ ਜਾਂ ਅਜਿਹੇ ਹੀ ਕਿਸੇ ਹੋਰ ਸਾਧਨ ਰਾਹੀ ਬਿਨ੍ਹਾਂ ਤੱਥਾਂ ਤੋਂ ਅੱਗੇ ਭੇਜਣ ਤੋਂ ਗੁਰੇਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਅੰਦਰ ਅਮਨ ਸਾਂਤੀ ਬਣਾਈ ਰੱਖਣਾ ਹਰੇਕ ਸਮੂਹ ਲੋਕਾਂ ਦੀ ਨੈਤਿਕ ਜਿੰਮੇਂਵਾਰੀ ਹੈ, ਜਿਸਦੇ ਲਈ ਸਾਨੂੰ ਆਪਣੇ ਆਲੇ-ਦੁਆਲੇ ਲੋਕਾਂ ਨੂੰ ਝੂਠੀਆਂ ਅਫ਼ਵਾਹਾਂ ਫੈਲਾਉਣ ਤੋਂ ਸੁਚੇਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਤਹਿਸੀਲ ਦੀਨਾਨਗਰ ਵਿੱਚ ਡਰ ਜਾਂ ਭੈਅ ਵਾਲੀ ਕੋਈ ਵੀ ਸਥਿਤੀ ਨਹੀਂ ਹੈ ਅਤੇ ਜਨ ਜੀਵਨ ਆਮ ਵਾਂਗ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਏਕਤਾ ਵਿੱਚ ਹੀ ਅਨੇਕਤਾ ਹੈ ਤੇ ਸਾਨੂੰ ਸਭ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਕੋਈ ਵੀ ਧਰਮ ਕਿਸੇ ਵੀ ਧਰਮ ਨਾਲ ਵੈਰ-ਵਿਰੋਧਤਾ ਰੱਖਣੀ ਨਹੀਂ ਸਿਖਾਉਂਦਾ। ਉਨ੍ਹਾਂ ਜੇਕਰ ਇਸ ਮਾਮਲੇ ਵਿੱਚ ਕੋਈ ਵੀ ਗੈਰ ਸਮਾਜਿਕ ਅਨਸਰ ਗੁੰਮਰਾਹਕੁੰਨ ਪ੍ਰਚਾਰ ਕਰਦਾ ਪਾਇਆ ਜਾਂਦਾ ਹੈ ਤਾਂ ਜਾਂਚ ਕਰਕੇ ਦੋਸ਼ੀਆਂ ਖਿਲਾਫ਼ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਜਿਹੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀ ਜਾਵੇਗਾ।

# ਅਰੋੜਾ ਪਰਿਵਾਰ ਨਾਲ ਸਬੰਧਤ ਵਿਅਕਤੀ ਸਥਾਨਕ ਮੌਤ ਤੇ ਨਹੀਂ ਲੈਣਗੇ ਭੋਜਨ: ਆਲ ਇੰਡੀਆ ਅਰੋੜਾ ਏਕਤਾ ਪਰਿਵਾਰ ਨੇ ਮੌਤ ਤੇ ਭੋਜਨ ਬਨਾਉਣ ਨੂੰ ਸੀਮਤ ਕਰਨ ਲਈ ਪਹਿਲਕਦਮੀ ਕੀਤੀ ਹੈ

## , ਜਿਸ 'ਚ ਪਹਿਲਾ ਭੋਜਨ ਨਹੀਂ ਲਿਆ ਜਾਵੇਗਾ, ਦੂਜਾ ਇਹ ਸੀਮਤ ਹੋਵੇਗਾ, ਤੀਜਾ ਸਿਰਫ ਬਾਹਰੋਂ ਆਉਣ ਵਾਲੇ ਲੋਕਾਂ ਨੂੰ ਹੀ ਖਾਣਾ ਦਿੱਤਾ ਜਾਵੇਗਾ

**ਸ਼ਿਰਸ਼ਾ/ਪਵਨਸ਼ਰਮਾ**

ਸਮੇਂ ਦੇ ਬੀਤਣ ਨਾਲ ਸਮਾਜ ਵਿੱਚ ਦਿਖਾਈ ਦੇਣ ਵਾਲੀ ਬੁਰਾਈ ਅਤੇ ਆਪਣੀ ਸਰਦਾਰੀ ਦਿਖਾਉਣ ਲਈ ਮੌਤ ਤੇ ਭੋਜਨ ਬਨਾਉਣ ਦੀ ਪਰੰਪਰਾ ਨੇ ਬੁਰਾਈ ਦਾ ਰੂਪ ਧਾਰਨ ਕਰ ਲਿਆ ਹੈ। ਇਸ ਪ੍ਰਥਾ ਨੂੰ ਠੱਲ੍ਹ ਪਾਉਣ ਲਈ ਵੱਖ-ਵੱਖ ਸੁਸਾਇਟੀਆਂ ਨੇ ਪਹਿਲਕਦਮੀ ਵੀ ਕੀਤੀ ਹੈ। ਇਸ ਲੜੀ ਵਿੱਚ ਅਰੋੜਾ ਭਾਈਚਾਰੇ ਨੇ ਵੀ ਪਹਿਲਕਦਮੀ ਕੀਤੀ ਹੈ ਅਤੇ ਅਰੋੜਾ ਪਰਿਵਾਰ ਦੇ ਸਲਾਹਕਾਰ ਬੋਰਡ ਨੇ ਫੈਸਲਾ ਕੀਤਾ ਹੈ ਕਿ ਹੁਣ ਅਰੋੜਾ ਪਰਿਵਾਰ ਨਾਲ ਸਬੰਧਤ ਕੋਈ ਵੀ ਵਿਅਕਤੀ ਕਿਸੇ ਵੀ ਸਥਾਨਕ ਮੌਤ ਦੀ ਦਾਵਤ ਵਿੱਚ ਭੋਜਨ ਨਹੀਂ ਲਵੇਗਾ ਅਤੇ ਇਸ ਸੰਦੇਸ਼ ਨੂੰ ਆਪਣੇ ਨਜ਼ਦੀਕੀ ਅਤੇ ਪਿਆਰਿਆਂ ਤੱਕ ਵੀ ਪਹੁੰਚਾਏਗਾ। . ਆਲ ਇੰਡੀਆ ਅਰੋੜਾ ਏਕਤਾ ਪਰਿਵਾਰ ਦੇ ਪ੍ਰਧਾਨ ਵੀ.ਵੀ.ਏਹਲਾਵਾਦੀ ਨੇ ਮੰਗਲਵਾਰ ਨੂੰ ਇੱਕ ਨਿੱਜੀ ਰੈਸਟੋਰੈਂਟ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਹ ਜਾਣਕਾਰੀ ਦਿੱਤੀ। ਇਸ ਮੌਕੇ ਉਨ੍ਹਾਂ ਦੇ ਨਾਲ ਆਲ ਇੰਡੀਆ ਅਰੋੜਾ ਏਕਤਾ ਪਰਿਵਾਰ ਦੇ ਯੂਥ ਵਰਕਿੰਗ ਪ੍ਰਧਾਨ ਸਤਬੀਰ ਸਿੰਘ, ਪ੍ਰਧਾਨ ਵਰੁਣ ਛਾਬੜਾ, ਕਾਰਜਕਾਰੀ ਪ੍ਰਧਾਨ ਸਤਬੀਰ ਧਮੀਜਾ, ਸੀਨੀਅਰ ਮੀਤ ਪ੍ਰਧਾਨ ਨਰਿੰਦਰ ਕਟਾਰੀਆ, ਰਮੇਸ਼ ਅਰੋੜਾ, ਮੀਤ ਪ੍ਰਧਾਨ ਮੀਤ ਬਾਠਲਾ, ਐਡਵੋਕੇਟ ਮੋਹਨ ਲਾਲ ਅਰੋੜਾ, ਸੀਨੀਅਰ ਮੀਤ ਪ੍ਰਧਾਨ ਸੰਜੀਵ ਮੁੰਜਾਲ, ਪ੍ਰਧਾਨ ਜਨਰਲ ਸਕੱਤਰ ਸਤੀਸ਼ ਸਚਦੇਵਾ, ਜਨਰਲ ਸਕੱਤਰ ਰੋਬਿਨ ਵਧਵਾ ਅਤੇ ਸੰਗਠਨ ਸਕੱਤਰ ਸੰਨੀ ਸਿੰਘ ਹਾਜ਼ਰ ਸਨ। ਏਲਏਹਵਾਦੀ ਨੇ ਕਿਹਾ ਕਿ ਮੌਤ ਦੇ ਸਮੇਂ 'ਭੌਜਨ ਦੀ ਦਾਵਤ ਦਾ ਆਯੋਜਨ ਕਰਨਾ ਇੱਕ ਪੁਰਾਤਨ ਅਤੇ ਪਰੰਪਰਾਗਤ ਪ੍ਰਥਾ ਸੀ, ਜਿਸ ਦਾ ਸਮਾਜ ਵਿੱਚ ਸਾਲਾਂ ਤੋਂ ਪਾਲਣ ਕੀਤਾ ਜਾ ਰਿਹਾ ਹੈ। ਮੌਜੂਦਾ ਸਮੇਂ ਵਿਚ ਜਿਸ ਤਰ੍ਹਾਂ ਇਸ ਪਰੰਪਰਾ ਵਿਚ ਬੇਲੋੜੇ ਖਰਚੇ ਸ਼ੁਰੂ ਹੋ ਗਏ ਹਨ, ਇਹ ਪਰੰਪਰਾ ਇਕ ਮਾੜੀ ਪ੍ਰਥਾ ਦਾ ਰੂਪ ਧਾਰਨ ਕਰ ਚੁੱਕੀ ਹੈ। ਕਿਸੇ ਸਮੇਂ ਇਹ ਪਰੰਪਰਾ ਨਿਰੋਲ ਭਾਈਚਾਰਕ ਸਾਂਝ ਅਤੇ ਸਮਾਜ ਨੂੰ ਜੋੜਨ ਲਈ ਵਰਤੀ ਜਾਂਦੀ ਸੀ ਪਰ ਸਮੇਂ ਦੇ ਨਾਲ ਸਮਾਜ ਵਿੱਚ ਆਪਣੀ ਸਰਦਾਰੀ ਦਿਖਾਉਣ ਅਤੇ ਦਿਖਾਉਣ ਲਈ ਇਸ ਨੇ ਵਿਗੜਿਆ ਰੂਪ ਧਾਰਨ ਕਰ ਲਿਆ। ਜਿੱਥੇ ਪਹਿਲਾਂ ਮਰਨ ਵਰਤ 'ਤੇ ਦਾਲ, ਰੋਟੀਆਂ ਅਤੇ ਅਚਾਰ ਵਰਤਾਏ ਜਾਂਦੇ ਸਨ ਪਰ ਹੁਣ ਇਹ ਸਮਾਗਮ ਆਮ ਵਿਆਹ ਵਾਂਗ ਕਰਵਾਇਆ ਜਾ ਰਿਹਾ ਹੈ, ਜਿਸ 'ਤੇ ਲੱਖਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਅਰੋੜਾ ਭਾਈਚਾਰੇ ਦੇ ਆਮ ਪਰਿਵਾਰਾਂ ਨੂੰ ਇਸ ਲਈ ਰਿਸ਼ਤੇਦਾਰਾਂ ਤੋਂ ਕਰਜ਼ਾ ਲੈਣਾ ਪੈਂਦਾ ਹੈ। ਇਸ 'ਤੇ ਚਾਰ ਪੜਾਵਾਂ 'ਚ ਰੋਕ ਲਗਾਈ ਜਾਵੇਗੀ, ਜਿਸ 'ਚ ਪਹਿਲਾ ਭੋਜਨ ਨਹੀਂ ਲਿਆ ਜਾਵੇਗਾ, ਦੂਜਾ ਇਹ ਸੀਮਤ ਹੋਵੇਗਾ, ਤੀਜਾ ਸਿਰਫ ਬਾਹਰੋਂ ਆਉਣ ਵਾਲੇ ਲੋਕਾਂ ਨੂੰ ਹੀ ਖਾਣਾ ਦਿੱਤਾ ਜਾਵੇਗਾ ਅਤੇ ਚੌਥਾ, ਇਹ ਨਿਯਮ ਸਾਰੀਆਂ ਧਰਮਸ਼ਾਲਾਵਾਂ ਵਿੱਚ ਵੀ ਲਾਗੂ ਕੀਤਾ ਜਾਵੇਗਾ ਕਿ ਉਹ ਆਪਣੇ ਦੱਸਣ ਤੋਂ ਵੱਧ ਖਾਣਾ ਨਾ ਪਕਾਉਣ। ਦੂਜੇ ਪਾਸੇ ਇਸ ਸਾਲ 2023 ਦੀਆਂ ਗਤੀਵਿਧੀਆਂ ਸਬੰਧੀ ਚੇਅਰਮੈਨ ਨੇ ਦੱਸਿਆ ਕਿ ਇਸ ਸਾਲ 20 ਬੱਚਿਆਂ ਦੀ ਪੜ੍ਹਾਈ ਦਾ ਖਰਚਾ ਸੰਸਥਾ ਵੱਲੋਂ ਚੁੱਕਿਆ ਜਾਵੇਗਾ। 5 ਲੋੜਵੰਦ ਲੜਕੀਆਂ ਦੇ ਵਿਆਹ ਵਿੱਚ ਵੀ ਸਹਿਯੋਗ ਦੇਣ ਦਾ ਫੈਸਲਾ ਕੀਤਾ ਗਿਆ ਹੈ। ਨੌਜਵਾਨਾਂ ਦੇ ਰੁਜ਼ਗਾਰ ਲਈ ਵਿੰਗ ਦਾ ਗਠਨ ਕੀਤਾ ਗਿਆ ਹੈ ਅਤੇ ਹੁਣ ਤੱਕ 180 ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਜਾ ਚੁੱਕਾ ਹੈ। ਕੈਰੀਅਰ ਕਾਊਂਸਲਿੰਗ ਲਈ ਸੈਮੀਨਾਰ ਕਰਵਾਏ ਜਾ ਰਹੇ ਹਨ। ਚੇਅਰਮੈਨ ਵੀ.ਵੀ.ਆਈਲਾਵਾਦੀ ਨੇ ਦੱਸਿਆ ਕਿ ਇਸ ਰਵਾਇਤ ਨੂੰ ਸੀਮਤ ਕਰਨ ਲਈ ਡਾ: ਅਸ਼ੀਸ਼ ਖੁਰਾਣਾ ਦੇ ਫਾਰਮ ਹਾਊਸ 'ਤੇ ਮੀਟਿੰਗ ਹੋਈ। ਮੀਟਿੰਗ ਵਿੱਚ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਪੰਜ ਮੈਂਬਰੀ ਹਾਈ ਪਾਵਰ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਵਿੱਚ ਵੀਰਭਾਨ ਮਹਿਤਾ, ਅਮੀਰ ਚਾਵਲਾ, ਸ਼ਿਆਮ ਬਜਾਜ, ਭੂਪੇਸ਼ ਮਹਿਤਾ ਅਤੇ ਡਾ: ਪ੍ਰਵੀਨ ਅਰੋੜਾ ਨੂੰ ਮਨੋਮਿਤ ਕੀਤਾ ਗਿਆ ਹੈ। ਇਸ ਕਮੇਟੀ ਵੱਲੋਂ ਲਏ ਗਏ ਫੈਸਲਿਆਂ ਦੇ ਨਾਲ ਹੀ ਆਲ ਇੰਡੀਆ ਅਰੋੜਾ ਏਕਤਾ ਪਰਿਵਾਰ ਆਪਣੀ ਰਣਨੀਤੀ ਤਿਆਰ ਕਰੇਗਾ, ਤਾਂ ਜੋ ਸਮਾਜ ਦੇ ਆਮ ਪਰਿਵਾਰਾਂ ਨੂੰ ਮਰਨ ਵਰਤ 'ਤੇ ਹੋਣ ਵਾਲੇ ਬੇਲੋੜੇ ਖਰਚੇ ਤੋਂ ਬਚਾਇਆ ਜਾ ਸਕੇ।

# ਮਨੁੱਖਤਾ ਦੇ ਭਲੇ ਲਈ ਗੁਰੂ ਨਾਨਕ ਦੇਵ ਇੰਜੀਨੀਰਿੰਗ ਕਾਲਜ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ

## ਖ਼ੂਨਦਾਨ ਕਰਨ ਨਾਲ ਹਾਰਟ ਵਰਗੀਆਂ ਹੋਰ ਕਈ ਵਡੀਆਂ ਬਿਮਾਰੀਆ ਤੋਂ ਬਚਿਆ ਜਾ ਸਕਦਾ ਹੈ : ਪ੍ਰਿੰਸੀਪਲ ਸਹਿਜਪਾਲ ਸਿੰਘ

**ਲੁਧਿਆਣਾ/ਲੋਕ ਬਾਣੀ**




ਗੁਰੂ ਨਾਨਕ ਦੇਵ ਇੰਜੀਨੀਰਿੰਗ ਕਾਲਜ ਲੁਧਿਆਣਾ ਵਿਖੇ ਮਨੁੱਖਤਾ ਦੇ ਭਲੇ ਲਈ ਭਾਈ ਘਨਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ) ਵਲੋਂ ਐਨ ਐਸ ਐਸ ਵਿੰਗ ਦੇ ਪ੍ਰੋਜੈਕਟ ਪ੍ਰੋਗਰਾਮ ਅਫਸਰ ਪ੍ਰੋ.ਜਸਵੀਰ ਦੇ ਸਹਿਯੋਗ ਨਾਲ ਸੁਸਾਇਟੀ ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ ਮਹਾਨ ਖ਼ੂਨਦਾਨ ਕੈਂਪ ਲਾਇਆ ਗਿਆ। ਇਸ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਪ੍ਰਿੰਸੀਪਲ ਸਹਿਜਪਾਲ ਸਿੰਘ ਨੇ ਮਨੁਖਤਾ ਦੇ ਭਲੇ ਲਈ ਖ਼ੂਨਦਾਨ ਕਰ ਰਹੇ ਐਨ.ਐਸ.ਐਸ ਵਲੰਟੀਅਰਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਹਾਰਟ ਵਰਗੀਆਂ ਹੋਰ ਕਈ ਵਡੀਆਂ ਬਿਮਾਰੀਆ ਤੋਂ ਬਚਿਆ ਜਾ ਸਕਦਾ ਹੈ ਪ੍ਰਿੰਸੀਪਲ ਸਹਿਜਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਭਵਿਖ ਵਿਚ ਖ਼ੂਨ-ਦਾਨ ਕਰਨ ਅਤੇ ਮਨੁੱਖਤਾ ਦੀ ਭਲਾਈ ਕਾਰਜ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੇ ਪ੍ਰਿੰਸੀਪਲ ਸਹਿਜਪਾਲ ਸਿੰਘ ਨੇ ਖ਼ੂਨਦਾਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਭਾਈ ਘਨਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਦਸਿਆ ਕਿ ਸੁਸਾਇਟੀ ਵਲੋਂ 517ਵਾਂ ਵਾ ਮਹਾਨ ਖ਼ੂਨਦਾਨ ਕੈਂਪ ਦੌਰਾਨ 100 ਬਲੱਡ ਯੂਨਿਟ ਡੀ.ਐਮ.ਸੀ ਹਸਪਤਾਲ ਅਤੇ ਰਘੁਨਾਥ ਹਸਪਤਾਲ ਦੇ ਨਿੱਘੇ ਸਹਿਯੋਗ ਨਾਲ ਇਕੱਤਰ ਕੀਤਾ ਗਿਆ ਖ਼ੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈਕੇ ਦਿੱਤਾ ਜਾਵੇਗਾ। ਇਸ ਮੌਕੇ ਤੇ ਪ੍ਰੋ.ਸੁਖਜੀਤ ਸਿੰਘ, ਡਾ: ਪਰਮਿੰਦਰ ਸਿੰਘ,ਪ੍ਰੋ. ਮਨਮੋਹਨ ਸਿੰਘ, ਪ੍ਰੋ ਸਤਜੋਤ ਸਿੰਘ,ਪ੍ਰੋ.ਸ਼ਿਵਮਨਜੀਤ ਸਿੰਘ, ਪ੍ਰੋ.ਰੁਪਿੰਦਰਜੀਤ ਸਿੰਘ, ਸਿਮਰਨਜੀਤ ਕੌਰ ਹਾਜ਼ਰ ਸਨ

# ਮਨੀ ਮੁਸਤਫ਼ਾ ਮੋਗਾ ਵਿਖੇ ਡਾਕਟਰ ਸਰੂਪ ਸਿੰਘ ਅਲੱਗ ਦੀਆਂ ਕੌਮ ਪ੍ਰਤੀ ਕੀਤੀਆਂ ਸੇਵਾਵਾਂ ਦੀ ਸ਼ਲਾਘਾ

**ਲੁਧਿਆਣਾ/ਲੋਕ ਬਾਣੀ**

ਅੱਜ ਮੜੀ ਮੁਸਤਫ਼ਾ ਮੋਗਾ ਵਿਖੇ ਸਵਰਗੀ ਡਾਕਟਰ ਸਰੂਪ ਸਿੰਘ ਅਲੱਗ ਦੀਆਂ ਕੌਮ ਪ੍ਰਤੀ ਕੀਤੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ। ਡਾਕਟਰ ਅਲੱਗ ਦੇ ਵੱਡੇ ਸਪੁੱਤਰ ਸ ਸੁਖਿੰਦਰ ਪਾਲ ਸਿੰਘ ਅਲੱਗ ਨੇ ਡਾ ਅਲੱਗ ਦੀਆਂ ਕੌਮ ਪ੍ਰਤੀ ਕੀਤੀਆਂ ਸੇਵਾਵਾਂ ਦੀ ਭਰਪੂਰ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਡਾਕਟਰ ਅਲੱਗ ਸਾਰੀ ਸਾਰੀ ਰਾਤ ਆਪਣੀ ਕਲਮ ਰਾਹੀਂ ਉਚ ਪਾਏ ਦਾ ਗੁਰਮਤਿ ਸਾਹਿਤ ਲਿਖਿਆ ਕਰਦੇ ਸਨ। ਡਾਕਟਰ ਅਲੱਗ ਪਹਿਲੇ ਸਿੱਖ ਹੋਏ ਹਨ ਜਿਨ੍ਹਾਂ ਨੇ ਸ਼ਬਦ ਲੰਗਰਾਂ ਦੀ ਪਰੰਪਰਾ ਨੂੰ ਆਰੰਭ ਕੀਤਾ ਤੇ ਲਖਾਂ ਕਿਤਾਬਾਂ ਸੰਗਤਾਂ ਦੇ ਸਹਿਯੋਗ ਨਾਲ ਛਪਵਾ ਕੇ ਸਾਰੀ ਦੁਨੀਆਂ ਵਿੱਚ ਸ਼ਬਦ ਲੰਗਰ ਲਾਏ। ਮੌਜੂਦ ਸੰਗਤ ਨੂੰ ਡਾ ਅਲੱਗ ਦੀਆਂ ਪੁਸਤਕਾਂ ਵੀ ਦਿੱਤੀਆਂ ਗਈਆਂ। ਸੰਗਤਾਂ ਡਾਕਟਰ ਅਲੱਗ ਨੂੰ ਤੇ ਉਨ੍ਹਾਂ ਦੀ ਸੇਵਾ ਨੂੰ ਬਹੁਤ ਸਤਿਕਾਰ ਨਾਲ ਯਾਦ ਕਰ ਰਹੀਆਂ ਸਨ। ਕਨੇਡਾ ਨਿਵਾਸੀ ਸ ਰਣਜੀਤ ਸਿੰਘ ਜੀ ਨੇ ਵੀ ਡਾਕਟਰ ਅਲੱਗ ਦੀਆਂ ਕੌਮ ਪ੍ਰਤੀ ਕੀਤੀਆਂ ਨਿਸ਼ਕਾਮ ਸੇਵਾਵਾਂ ਦਾ ਬਹੁਤ ਸਤਿਕਾਰ ਨਾਲ ਵਰਨਣ ਕੀਤਾ। ਸ ਸੁਖਿੰਦਰ ਪਾਲ ਸਿੰਘ ਅਲੱਗ ਨੇ ਦੱਸਿਆ ਕਿ ਅਸੀਂ ਆਪਣੇ ਆਖਰੀ ਸਾਹ ਤੱਕ ਇਹ ਸੇਵਾ ਚੱਲਦੀ ਰਖਾਂਗੇ।

# ਅਕਾਲੀ ਦਲ ਸਮਰਥਕ ਵਿਨੈ ਕਲਿਆਣ ਉਰਫ ਸ਼ੈਲੀ ਨਿਊ ਕਾਂਗਰਸ ਪਾਰਟੀ 'ਚ ਸ਼ਾਮਲ

## ਸ਼ੈਲੀ ਨੇ ਭਰਿਆ ਨਿਊ ਕਾਂਗਰਸ ਪਾਰਟੀ ਦਾ ਮੈਂਬਰਸ਼ਿਪ ਫਾਰਮ

**ਚੰਡੀਗੜ੍ਹ/ਵਿਨੋਦ ਸ਼ਰਮਾ**






ਨਿਊ ਕਾਂਗਰਸ ਪਾਰਟੀ (ਐਨ.ਸੀ.ਪੀ.) ਚੰਡੀਗੜ੍ਹ ਅਤੇ ਪੰਜਾਬ ਦੇ ਲੋਕਾਂ ਲਈ ਹੋਰਨਾਂ ਸਿਆਸੀ ਪਾਰਟੀਆਂ ਦੇ ਮੁਕਾਬਲੇ ਨਵੇਂ ਬਦਲ ਵਜੋਂ ਉਭਰ ਰਹੀ ਹੈ। ਨਿੱਤ ਦਿਨ ਵੱਖ-ਵੱਖ ਪਾਰਟੀਆਂ ਦੇ ਆਗੂਆਂ ਵੱਲੋਂ ਨਵੀਂ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਦਾ ਸਿਲਸਿਲਾ ਜਾਰੀ ਹੈ। ਅੱਜ ਹਾਲ ਹੀ ਵਿੱਚ ਸ਼ਹਿਰ ਦੇ ਨੌਜਵਾਨਾਂ ਵਿੱਚ ਵਿਸ਼ੇਸ਼ ਪਛਾਣ ਰੱਖਣ ਵਾਲੇ ਅਕਾਲੀ ਦਲ ਦੇ ਸਮਰਥਕ ਵਿਨੈ ਕਲਿਆਣ ਉਰਫ ਸ਼ੈਲੀ ਨੇ ਅੱਜ ਅਕਾਲੀ ਦਲ (ਬ) ਨੂੰ ਸਦਾ ਲਈ ਅਲਵਿਦਾ ਕਹਿ ਕੇ ÷ਨਿਊ ਕਾਂਗਰਸ ਪਾਰਟੀ÷ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵਿੱਚ ਨੌਜਵਾਨਾਂ ਦਾ ਕੋਈ ਭਵਿੱਖ ਨਹੀਂ ਹੈ। ਇਸੇ ਲਈ ਅੱਜ ਵਿਨੈ ਕਲਿਆਣ ਉਰਫ ਸ਼ੈਲੀ ਨਿਊ ਕਾਂਗਰਸ ਪਾਰਟੀ ਦੇ ਸੁਪਰੀਮੋ ਐਡਵੋਕੇਟ ਵਿਵੇਕ ਹੰਸ ਗਰਚਾ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਨਿਊ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਕਿਹਾ ਕਿ ਸ਼ਹਿਰ ਨੂੰ ਪੜ੍ਹੇ-ਲਿਖੇ, ਇਮਾਨਦਾਰ, ਮਿਹਨਤੀ, ਲਗਨ ਵਾਲੇ ਅਤੇ ਨੌਜਵਾਨ ਆਗੂਆਂ ਦੀ ਲੋੜ ਹੈ। ਸ਼ੈਲੀ ਨੇ ਕਿਹਾ ਕਿ ਉਨ੍ਹਾਂ ਦੇ ਸਾਥੀ ਵੀ ਵੱਡੀ ਗਿਣਤੀ ਵਿੱਚ ਨਿਊ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਨਿਊ ਕਾਂਗਰਸ ਪਾਰਟੀ ਨੂੰ ਸੱਤਾ ਵਿੱਚ ਲਿਆ ਕੇ ਸਾਫ਼ ਸੁਥਰਾ, ਪੜ੍ਹਿਆ-ਲਿਖਿਆ, ਪਵਿੱਤਰ ਨਗਰ ਨਿਗਮ ਬਣਾਵਾਂਗੇ।

# ਫਰੀ ਹੈਲਥ ਚੈੱਕਅਪ ਕੈਂਪ ਵਿੱਚ 150 ਤੋਂ ਵੱਧ ਮਰੀਜ਼ਾਂ ਦਾ ਇਲਾਜ ਕੀਤਾ ਗਿਆ



**ਲੁਧਿਆਣਾ/ਲੋਕ ਬਾਣੀ**

ਬਾਲਾ ਜੀ ਕਲੈਕਸ਼ਨ ਸੈਂਟਰ ਗੁਰੂ ਤੇਗ ਬਹਾਦਰ ਮਾਰਕੀਟ, ਨੇੜੇ ਵੀਰ ਪੈਲੇਸ ਵੱਲੋਂ ਤੀਜਾ ਫਰੀ ਹੈਲਥ ਚੈੱਕਅਪ ਕੈਂਪ ਬੀਤੇ ਦਿਨੀਂ ਗੁਰਦੁਆਰਾ ਚੜ੍ਹਦੀ ਕਲਾ ਸਾਹਿਬ, ਗਲੀ ਨੰਬਰ 1, ਪ੍ਰਤਾਪ ਕਲੋਨੀ, 33 ਫੁੱਟ ਰੋਡ, ਮੁੰਡੀਆਂ ਕਲਾਂ ਵਿਖੇ ਲਗਾਇਆ ਗਿਆ। ਕੈਂਪ ਦਾ ਉਦਘਾਟਨ ਭਾਈ ਤਰਲੋਚਨ ਸਿੰਘ ਤੇ ਭਾਈ ਅਰਵਿੰਦਰ ਸਿੰਘ ਨੇ ਆਪਣੇ ਕਰ-ਕਮਲਾਂ ਦੁਆਰਾ ਕੀਤਾ। ਕੈਂਪ ਵਿੱਚ ਕੋਲੈਸਟ ?ਰੋਲ, ਥਾਇਰਾਇਡ, ਹੀਮੋਗਲੋਬਿਨ, ਸ਼ੂਗਰ, ਬੀ.ਪੀ ਤੇ ਹੋਰ ਕਈ ਬਿਮਾਰੀਆਂ ਦਾ ਚੈੱਕਅਪ ਕੀਤਾ ਗਿਆ ਤੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆ। ਡਾ: ਵੀ ਐੱਸ ਸੰਧੂ ਅਪੋਲੋ ਹਸਪਤਾਲ ਲੁਧਿਆਣਾ ਨੇ 150 ਤੋਂ ਵੱਧ ਮਰੀਜ਼ਾਂ ਦਾ ਚੈਂਕਅਪ ਕੀਤਾ। ਇਸ ਕੈਂਪ ਦਾ ਮੁਹੱਲਾ ਨਿਵਾਸੀਆਂ ਤੇ ਹੋਰ ਦੂਰ-ਨੇੜੇ ਤੋਂ ਆਏ ਲੋਕਾਂ ਨੇ ਲਾਭ ਉਠਾਇਆ।

# ਬੱਸ ਅੱਗੇ ਵਧਦੇ ਰਹਿਣਾ ਸਿਖਾਉਂਦੀਆਂ ਹਨ ਇਹ ਚਿੜੀਆਂ -ਸਵਰਾਜ ਝੋਰੜ ਰੋਹੀ

**ਕਾਲਾਂਵਾਲੀ (ਪਵਨਸ਼ਰਮਾ)**

ਬੜਾਗੁੜਾ ਇਲਾਕੇ ਵਿੱਚ ਲੰਬੇ ਸਮੇਂ ਤੋਂ ਮਾਂ ਦੀ ਗੋਦ ਵੈਲਫੇਅਰ ਟਰੱਸਟ ਸਿਰਸਾ ਦੇ ਸੰਚਾਲਕ ਸਵਰਾਜ ਸਿੰਘ ਝੋਰੜ ਰੋਹੀ ਵੱਲੋਂ ਸੜਕ ਕਿਨਾਰੇ ਲੱਗੇ ਦਰੱਖਤਾਂ 'ਤੇ ਪੰਛੀਆਂ ਲਈ ਪਾਣੀ ਪੀਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਅੱਜ ਵੀ ਉਨ੍ਹਾਂ ਲਈ ਪਾਣੀ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।ਇਸ ਮੌਕੇ ਉਨ੍ਹਾਂ ਦੱਸਿਆ ਕਿ ਅੱਜ ਵਿਸ਼ਵ ਭਰ ਗੌਰਾਇਆ ਚਿੜੀਆਂ ਦਾ ਦਿਵਸ ਦੇਸ਼ ਭਰ ਦੇ ਪੰਛੀ ਪ੍ਰੇਮੀਆਂ ਵੱਲੋਂ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਉਨ੍ਹਾਂ ਦੱਸਿਆ ਕਿ ਜੇਕਰ ਇਸੇ ਤਰ੍ਹਾਂ ਹਰ ਰੋਜ਼ ਪੰਛੀਆਂ ਲਈ ਰੁੱਖਾਂ 'ਤੇ ਪਾਣੀ ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿੰਨਾ ਚੰਗਾ ਹੋਵੇ। ਉਨ੍ਹਾਂ ਦੱਸਿਆ ਕਿ ਸੀ। ਉਨ੍ਹਾਂ ਕਿਹਾ ਕਿ ਚਿੜੀਆਂ ਵੀ ਸਾਡੀ ਜ਼ਿੰਦਗੀ ਨੂੰ ਇੱਕ ਨਵਾਂ ਪਹਿਲੂ ਦਿੰਦੀਆਂ ਹਨ , ਇੱਥੇ-ਉੱਥੇ ਛਾਲ ਮਾਰਨ ਵਾਲਾ ਪੰਛੀ ਸਾਨੂੰ ਨਾ ਥੱਕਣਾ ਅਤੇ ਨਾ ਹੀ ਹਾਰ ਮੰਨਣਾ ਸਿਖਾਉਂਦਾ ਹੈ, ਬੱਸ ਅੱਗੇ ਵਧਦੇ ਰਹਿਣਾ।

# ਜਨਮਦਿਨ ਮੁਬਾਰਕ



**ਮਨਪ੍ਰੀਤ ਸਿੰਘ**
ਪੁੱਤਰ- ਜਸਵਿੰਦਰ ਸਿੰਘ, ਮਾਤਾ ਜਸਵੀਰ ਕੌਰ ਵਾਸੀ ਨਵਾਂ ਪਿੰਡ ਦੋਨੇਵਾਲ ਜਲੰਧਰ ਨੂੰ ਜਨਮ ਦਿਨ ਦੀਆਂ ਮੁਬਾਰਕਾਂ

# ਡਿਪਸ ਦੇ ਵਿਦਿਆਰਥੀਆਂ ਨੇ ਵਿਸ਼ਵ ਖੁਸ਼ੀ ਦਿਵਸ ’ਤੇ ਖੁਸ਼ੀਆਂ ਫੈਲਾਉਣ ਦਾ ਸੰਦੇਸ਼ ਦਿੱਤਾ




**ਜਲੰਧਰ/ਰਾਕੇਸ਼ ਵਰਮਾ**

ਡਿਪਸ ਸਕੂਲ ਉੱਗੀ ਵਿਖੇ ਆਪਣੇ ਸਹਿਪਾਠੀਆਂ ਨਾਲ ਖੁਸ਼ੀਆਂ ਸਾਂਝੀਆਂ ਕਰਕੇ ਅਤੇ ਆਪਣੇ ਲਈ ਖੁਸ਼ ਰਹਿਣ ਦੇ ਤਰੀਕੇ ਲੱਭ ਕੇ ਬੱਚਿਆ ਨੇ ਵਰਲਡ ਹੈਪੀਨੈਸ ਡੇ ਮਨਾਇਆ । ਇਸ ਦੌਰਾਨ ਬੱਚਿਆਂ ਨੇ ਅਧਿਆਪਕਾਂ ਨਾਲ ਮਿਲ ਕੇ ਪੇਟਿੰਗ, ਡਾਂਸ ਅਤੇ ਗਾਇਨ ਕੀਤਾ। ਬੱਚਿਆਂ ਨੇ ਆਪਣੇ ਮਨਪਸੰਦ ਰੰਗਾਂ ਦੀ ਵਰਤੋਂ ਕਰਦਿਆਂ ਪੇਂਟਿੰਗ, ਗੀਤ ਅਤੇ ਡਾਂਸ ਰਾਹੀਂ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਦੱਸਿਆਂ ਕਿ2023 ਵਿੱਚ, ਹੈਪੀਨੈਸ ਡੇ ਦਾ ਥੀਮ ਬੀ ਮਾਈਂਡਫੁੱਲ, ਬੀ ਗ੍ਰੇਟਫੁੱਲ, ਬੀ ਕਾਂਡ ਰੱਖਿਆ ਗਿਆ ਹੈ। ਇਸ ਰਾਹੀਂ ਲੋਕਾਂ ਨੂੰ ਇਹ ਦੱਸਣ ਅਤੇ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਉਹ ਕਿਵੇਂ ਕੁਝ ਕਸਰਤਾਂ ਅਤੇ ਆਦਤਾਂ ਨਾਲ ਆਪਣੇ ਆਪ ਨੂੰ ਖੁਸ਼ ਰੱਖ ਸਕਦੇ ਹਨ। ਅਧਿਆਪਕਾਂ ਨੇ ਬੱਚਿਆਂ ਨੂੰ ਦੱਸਿਆ ਕਿ ਸਭ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਨੇ ਇਸ ਦਿਨ ਨੂੰ ਮਨਾਉਣਾ ਸ਼ੁਰੂ ਕੀਤਾ। 2023 ਦੇ ਵਰਲਡ ਹੈਪੀਨੈੱਸ ਇੰਡੈਕਸ ਮੁਤਾਬਕ ਫਿਨਲੈਂਡ ਨੂੰ ਨੰਬਰ 1, ਡੈਨਮਾਰਕ ਦੂਜੇ ਨੰਬਰ ’ਤੇ ਅਤੇ ਆਈਸਲੈਂਡ ਨੂੰ ਤੀਜੇ ਨੰਬਰ ’ਤੇ ਹੋਣ ਦਾ ਖਿਤਾਬ ਮਿਲਿਆ ਹੈ। ਇਨ੍ਹਾਂ ਥਾਵਾਂ ਦੇ ਲੋਕ ਸਭ ਤੋਂ ਖੁਸ਼ ਹਨ ਅਤੇ ਅਪਰਾਧ ਦਰ ਬਹੁਤ ਘੱਟ ਹੈ। ਇਸ ਦੇ ਨਾਲ ਹੀ ਭਾਰਤ ਇਸ ਸੂਚੀ ’ਚ 126ਵੇਂ ਸਥਾਨ ’ਤੇ ਹੈ। ਇਸ ਸਾਲ ਦੇ ਥੀਮ ਦਾ ਮਤਲਬ ਹੈ ਕਿ ਅਸੀਂ ਮਿਲ ਕੇ ਸਧਾਰਨ, ਰੋਜ਼ਾਨਾ ਅਭਿਆਸਾਂ ਨੂੰ ਅਪਣਾ ਕੇ ਇੱਕ ਖੁਸ਼ਹਾਲ ਅਤੇ ਦਿਆਲੂ ਸੰਸਾਰ ਬਣਾ ਸਕਦੇ ਹਾਂ।

ਪਿ ?ਸੀਪਲ ਮਮਤਾ ਯਾਦਵ ਨੇ ਕਿਹਾ ਕਿ ਸਾਨੂੰ ਜ਼ਿੰਦਗੀ ’ਚ ਖੁਸ਼ ਰਹਿਣ ਲਈ ਕਿਸੇ ਵੱਡੇ ਮੌਕੇ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦਾ, ਸਾਨੂੰ ਹਰ ਛੋਟੀ ਜਿਹੀ ਗੱਲ ਵਿੱਚ ਖੁਸ਼ੀ ਲੱਭਣੀ ਚਾਹੀਦੀ ਹੈ। ਸਾਨੂੰ ਉਹ ਕੰਮ ਕਰਨੇ ਚਾਹੀਦੇ ਹਨ ਜੋ ਸਾਨੂੰ ਸ਼ਾਂਤ ਕਰਦੇ ਹਨ ਅਤੇ ਸਾਨੂੰ ਨਵਾਂ ਸੋਚਣ ਵਿੱਚ ਮਦਦ ਕਰਦੇ ਹਨ। ਜਿਵੇਂ ਕਿ ਖਾਣਾ ਪਕਾਉਣਾ, ਪੇਟਿੰਗ, ਡਾਂਸ, ਗਾਉਣਾ, ਖੇਡਾਂ, ਸ਼ਿਲਪਕਾਰੀ, ਪੜ੍ਹਨਾ, ਖਰੀਦਦਾਰੀ ਆਦਿ। ਸੀਈਓ ਮੋਨਿਕਾ ਮੰਡੋਤਰਾ ਨੇ ਕਿਹਾ ਕਿ ਜ਼ਿੰਦਗੀ ਵਿੱਚ ਸਭ ਤੋਂ ਵੱਧ ਖੁਸ਼ੀ ਉਦੋਂ ਮਿਲਦੀ ਹੈ ਜਦੋਂ ਅਸੀਂ ਮਾਫ਼ ਕਰਨਾ ਸਿੱਖਦੇ ਹਾਂ ਕਿਉਂਕਿ ਜਦੋਂ ਅਸੀਂ ਇਸ ਤਣਾਅ ਅਤੇ ਦਬਾਅ ਵਾਲੀ ਜ਼ਿੰਦਗੀ ਵਿੱਚ ਨਫ਼ਰਤ ਦੇ ਵਿਚਕਾਰ ਰਹਿੰਦੇ ਹਾਂ ਤਾਂ ਅਸੀਂ ਹੱਸਣਾ ਭੁੱਲ ਜਾਂਦੇ ਹਾਂ। ਇਸ ਲਈ ਜ਼ਿੰਦਗੀ ਵਿਚ ਹਰ ਕਿਸੇ ਨੂੰ ਮੁਸਕਰਾਉਣ ਲਈ ਪਿਆਰ ਕਰਨਾ ਬਹੁਤ ਜ਼ਰੂਰੀ ਹੈ।

## ਉਹ ਫੇਰ ਆਈ ਸੀ (ਕਵਿਤਾ)

ਦਿਲ ਦੇ ਵੀਰਾਨ ਪਏ
ਬਗ਼ੀਚੇ ਚ,
ਉਹ ਕੱਲ੍ਹ ਫੇਰ ਆਈ ਸੀ,
ਉਸ ਨੇ ਮੈਨੂੰ ਤੱਕਿਆ
ਤੇ
ਨਿੰਮਾਂ ਜਿਹਾ
ਮੁਸਕਰਾਈ
ਸੀ,
ਸੱਚ ਜਾਣੀਂ
ਚਾਹੁੰਦੇ ਹੋਏ ਵੀ
ਪਰ ਮੈਂ ਨਾ ਬੁਲਾਈ
ਸੀ,
ਲੱਗਦਾ ਸੀ ਉਹਨੂੰ ਕਿ
ਸ਼ਾਇਦ ਉਹ ਬੁਲਾਏਗਾ,
ਮੇਰਾ ਹਾਲ -ਚਾਲ ਪੁੱਛੇਗਾ,
ਤੇ ਕੁਝ ਆਪਣਾ ਸੁਣਾਏਗਾ,
ਪਰ ਸਾਡੇ ਦੋਹਾਂ ਦਰਮਿਆਨ,
ਖਾਮੋਸ਼ੀ ਜਿਹੀ ਛਾਈ ਸੀ
ਸੱਚ ਜਾਣੀਂ ਚਾਹੁੰਦੇ ਹੋਏ ਵੀ,
ਪਰ ਮੈਂ ਨਾ ਬੁਲਾਈ ਸੀ,
ਚਿਰਾਂ ਤੋਂ ਜੋ ਦੱਬੀ ਗੱਲ
ਖੋਲ੍ਹਣਾ ਨਹੀਂ ਚਾਹੁੰਦਾ ਸੀ
ਡਾਇਰੀ ਦੇ ਉਹ ਪੰਨੇ ਵੀ
ਫਰੋਲਣਾ ਨਹੀਂ ਚਾਹੁੰਦਾ ਸੀ,
ਜਿਹਦੇ ਉੱਤੇ ਕਦੇ ਉਹਦੀ,
ਤਸਵੀਰ ਮੈਂ ਬਣਾਈ ਸੀ,
ਸੱਚ ਜਾਣੀਂ ਚਾਹੁੰਦੇ ਹੋਏ ਵੀ
ਪਰ ਮੈਂ ਨਾ ਬੁਲਾਈ ਸੀ
ਆਪਣਿਆਂ ਅਰਮਾਨਾਂ ਦੀ,
ਮੈ ਸੰਘੀ ਜਦੋਂ ਘੁੱਟੀ ਸੀ,
ਖ਼ਾਬਾਂ ਤੇ ਖ਼ ?ਆਲਾਂ ਵਾਲੀ,
ਪ੍ਰਿੰਸ ਲੜੀ ਉੱਦੋਂ ਟੁੱਟੀ ਸੀ ,
ਰੋਂਦੇ ਸੀ ਆਹ ਨੈਣ ਮੇਰੇ,
ਸਾਰੀ ਹੱਸਦੀ ਲੋਕਾਈ
ਸੀ,
ਸੱਚ ਜਾਣੀਂ
ਚਾਹੁੰਦੇ ਹੋਏ ਵੀ,
ਪਰ ਮੈਂ ਨਾ ਬੁਲਾਈ
ਸੀ ,

**-ਰਣਬੀਰ ਸਿੰਘ ਪ੍ਰਿੰਸ**
**ਸ਼ਾਹਪੁਰ ਕਲਾਂ ਆਫ਼ਸਰ ਕਾਲੋਨੀ, ਸੰਗਰੂਰ**



# ਡੀਸੀ ਵੱਲੋਂ ਪ੍ਰਾਈਵੇਟ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਦੇ ਮਹੀਨਾਵਾਰ ਨਿਰੀਖਣ ਦੀਆਂ ਹਦਾਇਤਾਂ

### ਇਨ੍ਹਾਂ ਕੇਂਦਰਾਂ ’ਚ ਦਾਖ਼ਲ ਮਰੀਜ਼ਾਂ ਦਾ ਢੁੱਕਵਾਂ ਰਿਕਾਰਡ ਰੱਖਣ ਤੋਂ ਇਲਾਵਾ ਹਰੇਕ ਮਹੀਨੇ ਰਿਪੋਰਟ ਭੇਜਣ ਲਈ ਵੀ ਕਿਹਾ



**ਜਲੰਧਰ/ਰਾਕੇਸ਼ ਵਰਮਾ**

ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਅੱਜ ਜ਼ਿਲ੍ਹੇ ਵਿੱਚ ਚੱਲ ਰਹੇ ਓਟ ਕਲੀਨਿਕਾਂ, ਨਸ਼ਾ ਛੁਡਾਊ ਕੇਂਦਰਾਂ ਅਤੇ ਮੁੜ ਵਸੇਬਾ ਕੇਂਦਰਾਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਣ ਦੇ ਨਾਲ-ਨਾਲ ਸਬੰਧਤ ਅਧਿਕਾਰੀਆਂ ਨੂੰ ਪ੍ਰਾਈਵੇਟ ਨਸ਼ਾ ਛੁਡਾਊ ਸੈਂਟਰਾਂ ਅਤੇ ਮੁੜ ਵਸੇਬਾ ਕੇਂਦਰਾਂ ਦੇ ਮਹੀਨਾਵਾਰ ਨਿਰੀਖਣ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ।

ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਸੁਸਾਇਟੀ ਦੀ ਗਵਰਨਿੰਗ ਬਾਡੀ ਦੀ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਚੱਲ ਰਹੇ ਸਾਰੇ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਅਤੇ ਮੁੜ ਵਸੇਬਾ ਕੇਂਦਰਾਂ ਦਾ ਹਰ ਮਹੀਨੇ ਨਿਰੀਖਣ ਕੀਤਾ ਜਾਵੇ ਤਾਂ ਜੋ ਉਥੇ ਨਸ਼ਾ ਪੀੜਤ ਮਰੀਜ਼ਾਂ ਲਈ ਲੋੜੀਂਦੀਆਂ ਦਵਾਈਆਂ ਸਮੇਤ ਹੋਰ ਇਲਾਜ ਸਹੂਲਤਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਹਦਾਇਤ ਕੀਤੀ ਕਿ ਇਨ੍ਹਾਂ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਵਿੱਚ ਇਲਾਜ ਲਈ ਦਾਖ਼ਲ ਹੋਣ ਵਾਲੇ ਮਰੀਜ਼ਾਂ ਦਾ ਢੁੱਕਵਾਂ ਰਿਕਾਰਡ ਰੱਖਣ ਦੇ ਨਾਲ-ਨਾਲ ਇਸ ਸਬੰਧੀ ਮਹੀਨਾਵਾਰ ਰਿਪੋਰਟ ਸੁਸਾਇਟੀ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

ਨਸ਼ਾ ਪੀੜਤ ਮਰੀਜ਼ਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਲਈ ਠੋਸ ਉਪਰਾਲੇ ਕਰਨ ’ਤੇ ਜ਼ੋਰ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਵਿਖੇ ਅਜਿਹੇ ਮਰੀਜ਼ਾਂ ਨੂੰ ਕਾਊਂਸਲਿੰਗ ਪ੍ਰਦਾਨ ਕਰਨ ਦੇ ਨਾਲ-ਨਾਲ ਯੋਗਾ, ਐਰੋਬਿਕਸ ਅਤੇ ਖੇਡਾਂ ਵੱਲ ਉਤਸ਼ਾਹਿਤ ਕਰਨ ਦੇ ਉਪਰਾਲੇ ਕੀਤੇ ਜਾਣ। ਨਸ਼ਾ ਪੀੜਤ ਮਰੀਜ਼ਾਂ ਨੂੰ ਯੋਗ ਅਭਿਆਸ ਕਰਵਾਉਣ ਲਈ ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਜ਼ਿਲ੍ਹਾ ਆਯੂਰਵੇਦਿਕ ਅਤੇ ਯੂਨਾਨੀ ਦਫ਼ਤਰ ਨਾਲ ਤਾਲਮੇਲ ਕਰਨ ਦੀਆਂ ਹਦਾਇਤਾਂ ਵੀ ਦਿੱਤੀਆਂ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾਵੇ, ਜਿਸ ਦੇ ਲਈ ਜ਼ਿਲ੍ਹੇ ਦੇ ਸਕੂਲਾਂ ਤੇ ਕਾਲਜਾਂ ਵਿੱਚ ਨਿਯਮਿਤ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾਣ ਤਾਂ ਜੋ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਅਲਾਮਤ ਤੋਂ ਦੂਰ ਰੱਖਿਆ ਜਾ ਸਕੇ। ਡਿਪਟੀ ਕਮਿਸ਼ਨਰ ਵੱਲੋਂ ਇਸ ਦੌਰਾਨ ਜ਼ਿਲ੍ਹੇ ਵਿੱਚ ਚੱਲ ਰਹੇ ਓਟ ਕਲੀਨਿਕਾਂ, ਨਸ਼ਾ ਛੁਡਾਊ ਕੇਂਦਰਾਂ ਅਤੇ ਮੁੜ ਵਸੇਬਾ ਕੇਂਦਰਾਂ ਵਿਖੇ ਨਸ਼ਾ ਪੀੜਤ ਮਰੀਜ਼ਾਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਇਲਾਜ ਸਹੂਲਤਾਂ ਦਾ ਵੀ ਜਾਇਜ਼ਾ ਲਿਆ ਗਿਆ। ਸਿਵਲ ਸਰਜਨ ਅਤੇ ਮੈਡੀਕਲ ਸੁਪਰਡੰਟ ਡਾ. ਰਾਜੀਵ ਸ਼ਰਮਾ ਅਤੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਜਯੋਤੀ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਵਿਚ 31 ਓਟ ਕਲੀਨਿਕਾਂ ਦੇ ਨਾਲ-ਨਾਲ ਸਿਵਲ ਹਸਪਤਾਲ ਵਿਖੇ 50 ਬਿਸਤਰਿਆਂ ਵਾਲਾ ਅਤੇ ਕਮਿਊਨਿਟੀ ਹੈਲਥ ਸੈਂਟਰ ਨੂਰਮਹਿਲ ਵਿਖੇ 10 ਬਿਸਤਰਿਆਂ ਵਾਲਾ ਨਸ਼ਾ ਛੁਡਾਊ ਕੇਂਦਰ ਚਲਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਪਿੰਡ ਸ਼ੇਖੇ ਵਿਖੇ ਸਥਿਤ ਮੁੜ ਵਸੇਬਾ ਕੇਂਦਰ ਵਿਖੇ ਵੀ ਨਸ਼ਾ ਪੀੜਤ ਮਰੀਜ਼ਾਂ ਨੂੰ ਮੁਫ਼ਤ ਇਲ਼ਾਜ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਚੱਲ ਰਹੇ ਸਰਕਾਰੀ ‘ਓਟ’ ਕਲੀਨਿਕਾਂ ਵਿੱਚ ਨਸ਼ਿਆਂ ਦੀ ਅਲਾਮਤ ਦਾ ਸ਼ਿਕਾਰ ਕਰੀਬ 17,591 ਮਰੀਜ਼ਾਂ ਨੂੰ ਰਜਿਸਟਰਡ ਕਰਕੇ ਉਨ੍ਹਾਂ ਦਾ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਨਸ਼ਾ ਪੀੜਤ ਮਰੀਜ਼ਾਂ ਨੂੰ ਸਨ ਫਾਊਂਡੇਸ਼ਨ ਦੇ ਸਹਿਯੋਗ ਨਾਲ ਮੁੜ ਵਸੇਬਾ ਕੇਂਦਰ ਸ਼ੇਖੇ ਵਿਖੇ ਵੋਕੇਸ਼ਨਲ ਟ ?ਰੇਨਿੰਗ ਵੀ ਪ੍ਰਦਾਨ ਕੀਤੀ ਜਾ ਰਹੀ ਹੈ ਤਾਂ ਜੋ ਉਹ ਠੀਕ ਹੋਣ ਉਪਰੰਤ ਰੋਜ਼ਗਾਰ ਦੇ ਸਮਰੱਥ ਹੋ ਸਕਣ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਓਟ ਕਲੀਨਿਕ ਵਿਖੇ ਆਉਣ ਵਾਲੇ ਨਸ਼ਾ ਪੀੜਤ ਮਰੀਜ਼ਾਂ ਲਈ ਵੀ ਵੋਕੇਸ਼ਨਲ ਟਰੇਨਿੰਗ ਲਈ ਉਪਰਾਲੇ ਕਰਨ ਦੀਆਂ ਹਦਾਇਤਾਂ ਦਿੱਤੀਆਂ। ਇਸ ਮੌਕੇ ਸਹਾਇਕ ਕਮਿਸ਼ਨਰ (ਯੂ.ਟੀ.) ਮੇਜਰ ਡਾ. ਇਰਵਿਨ ਕੌਰ, ਡਾ.ਅਮਨ ਸੂਦ ਆਦਿ ਮੌਜੂਦ ਸਨ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ, ਕਾਲਜ ਬਲਾਚੌਰ ਵਿਖੇ ਰੋਜ਼ਗਾਰ ਮੇਲੇ ਦਾ ਆਯੋਜਨ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਮਾਡਲ ਕਰੀਅਰ ਸੈਂਟਰ ਸਕੀਮ ਅਧੀਨ ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ, ਕਾਂਸਟੀਚੂਐਂਟ ਕਾਲਜ, ਬਲਾਚੌਰ ਵਿਖੇ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਗਿਆ।ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਸੰਜੀਵ ਕੁਮਾਰ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਵੱਲੋਂ ਦੱਸਿਆ ਗਿਆ ਕਿ ਅੱਜ ਦੇ ਰੋਜ਼ਗਾਰ ਮੇਲੇ ਦੌਰਾਨ 237 ਉਮੀਦਵਾਰਾਂ ਵੱਲੋਂ ਭਾਗ ਲਿਆ ਗਿਆ। ਰੋਜ਼ਗਾਰ ਮੇਲੇ ਦੌਰਾਨ 112 ਉਮੀਦਵਾਰ ਸ਼ਾਰਟਲਿਸਟ ਕੀਤੇ ਗਏ। ਰੋਜ਼ਗਾਰ ਮੇਲੇ ਦੌਰਾਨ ਡਾਕਟਰ ਆਈ ਟੀ ਐਮ ਅਤੇ ਐਨ ਆਈ ਆਈ ਟੀ ਆਦਿ ਕੰਪਨੀਆਂ ਵੱਲੋਂ ਭਾਗ ਲਿਆ ਗਿਆ। ਅਧਿਕਾਰੀ ਵੱਲੋਂ ਕਾਲਜ ਪਿ ?ਰੰਸੀਪਲ ਡਾ. ਸੁਨੀਲ ਖੋਸਲਾ ਅਤੇ ਸਟਾਫ ਦਾ ਸਹਿਯੋਗ ਲਈ ਧੰਨਵਾਦ ਵੀ ਕੀਤਾ ਗਿਆ।

# ਖਾਣ-ਪੀਣ ਵਾਲੀਆਂ ਵਸਤਾਂ ਦਾ ਵਪਾਰ ਕਰਨ ਵਾਲੇ ਦੁਕਾਨਦਾਰਾਂ ਲਈ ਫੂਡ ਲਾਇਸੰਸ ਲੈਣਾ ਜ਼ਰੂਰੀ - ਡਿਪਟੀ ਕਮਿਸ਼ਨਰ




**ਗੁਰਦਾਸਪੁਰ/ਨਵਨੀਤ ਕੁਮਾਰ**

ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹੇ ਦੇ ਸਮੂਹ ਖਾਣ-ਪੀਣ ਵਾਲੀਆਂ ਵਸਤਾਂ ਦਾ ਵਪਾਰ ਕਰਨ ਵਾਲੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਫੂਡ ਸੇਫ਼ਟੀ ਸਟੈਂਡਰਡ ਐਕਟ ਤਹਿਤ ਆਪਣਾ ਫੂਡ ਲਾਇਸੰਸ ਜਰੂਰ ਬਣਾਉਣ। ਉਨ੍ਹਾਂ ਕਿਹਾ ਕਿ ਇਹ ਲਾਇਸੰਸ ਬਣਾਉਣਾ ਲਾਜ਼ਮੀ ਹੈ ਅਤੇ ਇਸ ਸਬੰਧੀ ਫੂਡ ਸੇਫ਼ਟੀ ਵਿਭਾਗ ਵੱਲੋਂ ਵਿਸ਼ੇਸ਼ ਕੈਂਪ ਵੀ ਲਗਾਏ ਜਾ ਰਹੇ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹਾ ਫੂਡ ਸੇਫ਼ਟੀ ਕਮੇਟੀ ਦੀ ਮੀਟਿੰਗ ਕਰਦਿਆਂ ਕਿਹਾ ਕਿ ਫੂਡ ਸੇਫ਼ਟੀ ਸਟੈਂਡਰਡ ਐਕਟ ਤਹਿਤ ਖਾਧ ਪਦਾਰਥਾਂ ਦਾ ਵਪਾਰ ਕਰਨ ਵਾਲੇ ਸਮੂਹ ਦੁਕਾਨਦਾਰਾਂ, ਹੋਟਲ, ਢਾਬੇ, ਦੋਧੀ, ਹਲਵਾਈ, ਰੇਹੜੀ ਵਾਲਿਆਂ ਆਦਿ ਦੀ ਲਾਇਸੰਸ ਜਾਂ ਰਜਿਸਟ ?ਰੇਸ਼ਨ ਲੈਣਾ ਲਾਜ਼ਮੀ ਹੈ। ਜੇਕਰ ਕਿਸੇ ਫੂਡ ਬਿਜ਼ਨਸ ਅਪਰੇਟਰ ਵੱਲੋਂ ਅਜੇ ਤੱਕ ਲਾਇਸੰਸ ਨਹੀਂ ਬਣਾਇਆ ਜਾਂ ਰਜਿਸਟ ?ਰੇਸ਼ਨ ਨਹੀਂ ਕਰਵਾਈ ਤਾਂ ਉਹ ਤੁਰੰਤ ਫੂਡ ਸੇਫ਼ਟੀ ਵਿੰਗ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਨੇ ਦੱਸਿਆ ਕਿ ਫੂਡ ਬਿਜ਼ਨਸ ਅਪਰੇਟਰਾਂ ਲਈ ਜ਼ਰੂਰੀ ਹੈ ਕਿ ਉਹ ਆਪਣਾ ਲਾਇਸੈਂਸ ਜਾਂ ਰਜਿਸਟ ?ਰੇਸ਼ਨ ਦੀ ਕਾਪੀ ਆਪਣੇ ਵਿਕਰੀ ਵਾਲੀ ਥਾਂ 'ਤੇ ਡਿਸਪਲੇ ਜ਼ਰੂਰ ਕਰਨ। ਉਨ੍ਹਾਂ ਦੱਸਿਆ ਕੇ ਜਿਹੜੇ ਦੁਕਾਨਦਾਰਾਂ ਦਾ ਸਾਲਾਨਾ ਬਿਜ਼ਨਸ 12 ਲੱਖ ਤੋ ਘੱਟ ਹੈ, ਉਨ੍ਹਾਂ ਲਈ ਰਜਿਸਟ ?ਰੇਸ਼ਨ ਕਰਵਾਉਣੀ ਜ਼ਰੂਰੀ ਹੈ ਅਤੇ 12 ਲੱਖ ਤੋਂ ਵੱਧ ਦੇ ਫੂਡ ਬਿਜ਼ਨੈੱਸ ਆਪ੍ਰੇਟਰਾਂ ਲਈ ਲਾਇਸੰਸ ਲੈਣਾ ਜ਼ਰੂਰੀ ਹੈ।

ਉਨ੍ਹਾਂ ਦੱਸਿਆ ਕਿ ਬਿਜ਼ਨੈੱਸ ਦੀ ਰਜਿਸਟ ?ਰੇਸ਼ਨ ਲਈ 100 ਰੁਪਏ ਸਲਾਨਾ ਫ਼ੀਸ ਅਦਾ ਕਰਕੇ ਆਪਣੀ ਬਿਜ਼ਨੈੱਸ ਦੀ ਰਜਿਸਟ ?ਰੇਸ਼ਨ ਕਰਵਾਈ ਜਾ ਸਕਦੀ ਹੈ ਅਤੇ ਲਾਇਸੈਂਸ ਬਣਾਉਣ ਲਈ 2000 ਰੁਪਏ ਤੋਂ 5000 ਰੁਪਏ ਸਲਾਨਾ ਫ਼ੀਸ ਨਿਰਧਾਰਿਤ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਜਿਸ ਵੀ ਫੂਡ ਵਿਕਰੇਤਾ ਕੋਲ ਲਾਇਸੰਸ ਨਹੀਂ ਹੋਵੇਗਾ ਉਸ ਵਿਰੁੱਧ ਸੈਕਸ਼ਨ 63 ਤਹਿਤ 05 ਲੱਖ ਰੁਪਏ ਤੱਕ ਜੁਰਮਾਨੇ ਦਾ ਜਾਂ 6 ਮਹੀਨੇ ਤੱਕ ਦੀ ਕੈਦ ਦਾ ਪ੍ਰਬੰਧ ਹੈ। ਉਨ੍ਹਾਂ ਨੇ ਸਮੂਹ ਫੂਡ ਬਿਜ਼ਨਸ ਅਪਰੇਟਰਾਂ ਨੂੰ ਐਕਟ ਦੀ ਪਾਲਣਾ ਕਰਨ ਅਤੇ ਲੋਕਾਂ ਨੂੰ ਸ਼ੁੱਧ ਖਾਣ ਪੀਣ ਦੇ ਪਦਾਰਥ ਵੇਚਣ ਦੀ ਹਦਾਇਤ ਕੀਤੀ ਤਾਂ ਜੋ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਾ ਹੋ ਸਕੇ। ਉਨ੍ਹਾਂ ਫੂਡ ਸੇਫ਼ਟੀ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਿਹੜੇ ਫੂਡ ਵਿਕਰੇਤਾ ਇਨ੍ਹਾਂ ਨਿਯਮਾਂ ਦੀ ਪਾਲਣਾ ਨਹੀਂ ਕਰਦੇ, ਉਨ੍ਹਾਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ।

# ਐੱਸ.ਐੱਸ.ਪੀ. ਗੁਰਦਾਸਪੁਰ ਹਰੀਸ਼ ਦਾਇਮਾ ਨੇ ਸਿਵਲ ਤੇ ਪੁਲਿਸ ਅਧਿਕਾਰੀਆਂ ਨਾਲ ਕਾਨੂੰਨ ਵਿਵਸਥਾ ਦਾ ਜਾਇਜ਼ਾ ਲਿਆ



**ਗੁਰਦਾਸਪੁਰ/ਨਵਨੀਤ ਕੁਮਾਰ**

ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਦਾਇਮਾ ਹਰੀਸ਼ ਓਮ ਪ੍ਰਕਾਸ਼ ਵੱਲੋਂ ਅੱਜ ਪੁਲਿਸ ਜ਼ਿਲ੍ਹਾ ਗੁਰਦਾਸਪੁਰ ਵਿੱਚ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਦਾ ਜਾਇਜਾ ਲੈਣ ਲਈ ਵੱਖ-ਵੱਖ ਥਾਵਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬਾਮਬਾ ਅਤੇ ਪੁਲਿਸ ਅਧਿਕਾਰੀ ਵੀ ਮੌਜੂਦ ਸਨ ਗੁਰਦਾਸਪੁਰ ਵਿਖੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਦਾਇਮਾ ਹਰੀਸ਼ ਓਮ ਪ੍ਰਕਾਸ਼ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਅਤੇ ਅਰਧ ਸੈਨਿਕ ਬਲਾਂ ਵੱਲੋਂ ਫਲੈਗ ਮਾਰਚ ਕਰਨ ਤੋਂ ਇਲਾਵਾ ਨਾਕਿਆਂ 'ਤੇ ਪੂਰੀ ਨਿਗਰਾਨੀ ਰੱਖੀ ਜਾ ਰਹੀ ਹੈ ਤਾਂ ਜੋ ਸ਼ਰਾਰਤੀ ਅਨਸਰ ਸਮਾਜ ਵਿੱਚ ਗੜਬੜ ਨਾ ਫੈਲਾਅ ਸਕਣ। ਉਨ੍ਹਾਂ ਆਪਸੀ ਭਾਈਚਾਰਕ ਸਾਂਝ ਤੇ ਅਮਨ-ਸ਼ਾਂਤੀ ਬਣਾਈ ਰੱਖਣ ਲਈ ਜ਼ਿਲ੍ਹਾ ਵਾਸੀਆਂ ਨੂੰ ਜਿਥੇ ਵਧਾਈ ਦਿੱਤੀ ਉੱਥੇ ਹੀ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦਾ ਸਹਿਯੋਗ ਦੇਣ ਤੇ ਉਨ੍ਹਾਂ ਦੀ ਸ਼ਲਾਘਾ ਵੀ ਕੀਤੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ ਸ਼ੋਸਲ ਮੀਡੀਆ ਤੇ ਫੈਲ ਰਹੀਆਂ ਝੂਠੀਆਂ ਅਫ਼ਵਾਹਾਂ ਤੋਂ ਪੂਰੀ ਤਰ੍ਹਾਂ ਸੁਚੇਤ ਰਹਿਣ ਅਤੇ ਕਿਸੇ ਵੀ ਤਰਾਂ ਦੀ ਗਲਤ ਸੂਚਨਾ ਜਾਂ ਮੈਸੇਜ ਅੱਗੇ ਨਾ ਭੇਜਣ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਸ਼ੋਸ਼ਲ ਮੀਡੀਆ ਰਾਹੀਂ ਗਲਤ ਅਫ਼ਵਾਹਾਂ ਫ਼ੈਲਾਉਂਦਾ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ਼ ਬਣਦੀ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਜੇਕਰ ਕੋਈ ਵੀ ਸ਼ਰਾਰਤੀ ਅਨਸਰ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦੀ ਜਾਣਕਾਰੀ ਤੁਰੰਤ ਨੇੜੇ ਦੇ ਥਾਣੇ 'ਚ ਜਾਂ ਜ਼ਿਲ੍ਹਾ ਪ੍ਰਸ਼ਾਸਨ ਕੋਲ ਦਰਜ਼ ਕਰਵਾਈ ਜਾਵੇ।

# ਸੰਤ ਜਗਜੀਤ ਸਿੰਘ 'ਸੇਵਾਪੰਥੀ' ਨੂੰ ਸਹਾਰਨਪੁਰ ਅਸਥਾਨ ਦਾ 'ਮਹੰਤ ਨਿਯੁਕਤ ਕੀਤਾ



ਲੁਧਿਆਣਾ, 21 ਮਾਰਚ, (ਕਰਨੈਲ ਸਿੰਘ ਐੱਮ.ਏ.)— ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਨਵੀਨ ਨਗਰ, ਦਿੱਲੀ ਰੋਡ, ਸਹਾਰਨਪੁਰ ਵਿਖੇ ਮਹੰਤ ਗੁਲਾਬ ਸਿੰਘ ਜੀ 'ਸੇਵਾਪੰਥੀ' ਦਾ ਸਾਲਾਨਾ ਯੱਗ-ਸਮਾਗਮ ਬੜੀ ਸ਼ਰਧਾ ਤੇ ਉਤਸਾਹ ਨਾਲ ਮਨਾਇਆ ਗਿਆ। ਇਸ ਸ਼ੁੱਭ ਅਵਸਰ ਤੇ ਸੇਵਾਪੰਥੀ ਮਹਾਂਪੁਰਸ਼ਾਂ ਨੇ ਸਰਬਸੰਮਤੀ ਨਾਲ ਫੈਸਲਾ ਕਰਕੇ ਸੰਤ ਜਗਜੀਤ ਸਿੰਘ 'ਸੇਵਾਪੰਥੀ' ਜੋ ਪਿਛਲੇ ਲੰਮੇ ਅਰਸੇ ਤੋਂ ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਵਿਖੇ ਅਤੇ ਗੁਰਦੁਆਰਾ ਭਾਈ ਜਗਤਾ ਨਵੀਨ ਨਗਰ ਸਹਾਰਨਪੁਰ ਵਿਖੇ ਸੇਵਾ ਕਰ ਰਹੇ ਹਨ। ਉਹਨਾਂ ਨੂੰ ਮਹੰਤ ਦੀ ਪਦਵੀ ਤੇ ਨਿਯੁਕਤ ਕਰਨ ਲਈ ਸੇਵਾਪੰਥੀ ਅੱਡਣਸ਼ਾਹੀ ਸਭਾ ਦੇ ਪ੍ਰਧਾਨ ਮਹੰਤ ਕਰਮਜੀਤ ਸਿੰਘ ਜੀ ਨੇ ਅਰਦਾਸ ਕੀਤੀ, ਉਪਰੰਤ ਮਹੰਤ ਕਰਮਜੀਤ ਸਿੰਘ 'ਸੇਵਾਪੰਥੀ' ਪ੍ਰਧਾਨ ਯਮੁਨਾ ਨਗਰ, ਮਹੰਤ ਕਾਹਨ ਸਿੰਘ 'ਸੇਵਾਪੰਥੀ' ਮੀਤ ਪ੍ਰਧਾਨ ਗੋਨਿਆਣਾ ਭਾਈ ਜਗਤਾ (ਬਠਿੰਡਾ), ਮਹੰਤ ਚਮਕੌਰ ਸਿੰਘ 'ਸੇਵਾਪੰਥੀ' ਜਰਨਲ ਸਕੱਤਰ ਪਟਿਆਲਾ, ਮਹੰਤ ਮਹਿੰਦਰ ਸਿੰਘ 'ਸੇਵਾਪੰਥੀ' ਖਜਾਨਚੀ ਦਿੱਲੀ, ਮਹੰਤ ਫਾਗਣ ਸਿੰਘ 'ਸੇਵਾਪੰਥੀ' ਹਰਿਦੁਆਰ, ਸੰਤ ਆਸ਼ੀਸ਼ ਸ਼ਾਸਤਰੀ 'ਸੇਵਾਪੰਥੀ' ਕੈਥਲ, ਸੰਤ ਰਣਜੀਤ ਸਿੰਘ 'ਸੇਵਾਪੰਥੀ' ਕਲਾਨੌਰ, ਭਾਈ ਹਰਵਿੰਦਰ ਸਿੰਘ ਟੀਟੂ ਦਿੱਲੀ ਨੇ ਸੰਤ ਜਗਜੀਤ ਸਿੰਘ 'ਸੇਵਾਪੰਥੀ' ਨੂੰ ਸੇਵਾਪੰਥੀ ਮਰਯਾਦਾ ਅਨੁਸਾਰ ਦਸਤਾਰਬੰਦੀ ਕਰਕੇ ਝਾੜੂ ਤੇ ਬਾਟਾ ਫੜਾ ਕੇ ਸੇਵਾਪੰਥੀ ਅਸਥਾਨ ਦਾ 'ਮਹੰਤ' ਨਿਯੁਕਤ ਕੀਤਾ। ਮਹੰਤ ਕਰਮਜੀਤ ਸਿੰਘ, ਮਹੰਤ ਕਾਹਨ ਸਿੰਘ, ਮਹੰਤ ਚਮਕੌਰ ਸਿੰਘ, ਮਹੰਤ ਫਾਗਣ ਸਿੰਘ, ਮਹੰਤ ਮਹਿੰਦਰ ਸਿੰਘ, ਸੰਤ ਆਸ਼ੀਸ਼ ਸ਼ਾਸਤਰੀ, ਸੰਤ ਰਣਜੀਤ ਸਿੰਘ ਨੇ ਮਹੰਤ ਜਗਜੀਤ ਸਿੰਘ 'ਸੇਵਾਪੰਥੀ' ਨੂੰ ਸਿਰੋਪਾਉ ਭੇਟ ਕੀਤੇ। ਮਹੰਤ ਜਗਜੀਤ ਸਿੰਘ ਨੂੰ ਬੇਅੰਤ ਸੰਗਤਾਂ ਨੇ ਵਧਾਈਆਂ ਦਿੱਤੀਆਂ ਤੇ ਸਿਰੋਪਾਉ ਭੇਟ ਕੀਤੇ।

# ਅੰਮ੍ਰਿਤਪਾਲ ਦੀ ਪਤਨੀ ਦੀ ਵੀ ਵਧੀਆਂ ਮੁਸ਼ਕਲਾਂ ਪੁਲਿਸ ਪ੍ਰਸ਼ਾਸਨ ਵੱਲੋਂ ਦਿੱਤੇ ਜਾਂਚ ਦੇ ਆਦੇਸ਼




**ਜਲੰਧਰ/ਲੋਕ ਬਾਣੀ**

ਵਾਰਿਸ ਪੰਜਾਬ ਦੇ' ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਲਈ ਪੰਜਾਬ ਪੁਲਿਸ ਵੱਲੋਂ ਵੱਖ ਵੱਖ ਥਾਵਾਂ 'ਤੇ ਛਾਪੇ ਮਾਰੇ ਜਾ ਰਹੇ ਹਨ। ਪੁਲਿਸ ਨੇ ਅੰਮ੍ਰਿਤਪਾਲ ਦੇ ਚਾਚੇ ਹਰਜੀਤ ਸਿੰਘ ਸਮੇਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਸ਼ਿਫ਼ਟ ਕੀਤੇ ਦਲਜੀਤ ਸਿੰਘ ਕਲਸੀ, ਬਸੰਤ ਸਿੰਘ, ਗੁਰਮੀਤ ਸਿੰਘ ਅਤੇ ਭਗਵੰਤ ਸਿੰਘ ਬਾਜੇਕਾ 'ਤੇ ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨਐੱਸਏ) ਲਗਾ ਦਿੱਤਾ ਹੈ। ਅੰਮ੍ਰਿਤਪਾਲ ਦੇ ਚਾਚਾ ਹਰਜੀਤ ਸਿੰਘ ਅਤੇ ਨਿੱਜੀ ਡਰਾਈਵਰ ਹਰਪ੍ਰੀਤ ਸਿੰਘ ਨੇ ਐਤਵਾਰ ਦੇਰ ਰਾਤ ਮਹਿਤਪੁਰ ਲਾਗੇ ਆਤਮ ਸਮਰਪਣ ਕਰ ਦਿੱਤਾ ਸੀ। ਉਧਰ, ਸੂਤਰਾਂ ਤੋਂ ਜਾਣਕਾਰੀ ਮਿਲੀ ਹੈ ਕਿ ਅੰਮ੍ਰਿਤਪਾਲ ਸਿੰਘ ਦੀ ਪਤਨੀ ਬਾਰੇ ਵੀ ਜਾਂਚ ਸ਼ੁਰੂ ਹੋ ਗਈ ਹੈ। ਅੰਮ੍ਰਿਤਪਾਲ ਸਿੰਘ ਦਾ ਪਿਛਲੇ ਦਿਨੀਂ ਵਿਆਹ ਹੋਇਆ ਸੀ। ਉਨ੍ਹਾਂ ਦੀ ਪਤਨੀ ਕਿਰਨਦੀਪ ਕੌਰ ਇੰਗਲੈਂਡ ਦੀ ਰਹਿਣ ਵਾਲੀ ਹੈ। ਦੋਵਾਂ ਦਾ ਸੰਪਰਕ ਕਿਵੇਂ ਹੋਇਆ, ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਸੂਤਰਾਂ ਦਾ ਕਹਿਣਾ ਹੈ ਕਿ ਦੋਵਾਂ ਦਾ ਗੁਪਤ ਤਰੀਕੇ ਨਾਲ ਵਿਆਹ ਹੋਇਆ ਸੀ। ਇਸ ਲਈ ਜਾਂਚ ਕੀਤੀ ਜਾ ਰਹੀ ਹੈ ਕਿ ਦੋਵਾਂ ਦਾ ਸੰਪਰਕ ਕਿਵੇਂ ਹੋਇਆ ਸੀ। ਅੰਮ੍ਰਿਤਪਾਲ ਦੀ ਆਖ਼ਰੀ ਲੋਕੇਸ਼ਨ ਸ਼ਾਹਕੋਟ ਇਲਾਕੇ ਦੀ ਆਈ ਹੈ ਅਤੇ ਉਸ ਦੀ ਪੈੜ ਨੱਪਣ ਲਈ ਪੁਲਿਸ ਵੱਲੋਂ ਸਾਰੇ ਮੋਬਾਈਲ ਨੈੱਟਵਰਕ ਖੰਗਾਲੇ ਜਾ ਰਹੇ ਹਨ। ਪੁਲਿਸ ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਨੂੰ ਅਹਿਮ ਮੰਨ ਕੇ ਚੱਲ ਰਹੀ ਹੈ। ਖ਼ੁਫ਼ੀਆ ਵਿੰਗ ਵੱਲੋਂ ਉਨ੍ਹਾਂ ਸਮਰਥਕਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ, ਜਿਨ੍ਹਾਂ ਵੱਲੋਂ ਇਸ ਅਪਰੇਸ਼ਨ ਦੇ ਵਿਰੋਧ 'ਚ ਕੋਈ ਰੋਹ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ।

# ਸ਼ੁਰੂਆਤੀ ਬਚਪਨ ਦੀ ਸਿੱਖਿਆ ਮੌਕਿਆਂ ਲਈ ਇੱਕ ਸੁਨਹਿਰੀ ਸਮਾਂ ਹੈ

**ਸ਼ੁਰੂਆਤੀ** ਸਾਲ, ਗਰਭ ਅਵਸਥਾ ਤੋਂ ਅੱਠ ਸਾਲ ਦੀ ਉਮਰ ਤੱਕ, ਬੱਚੇ ਦੇ ਜੀਵਨ ਵਿੱਚ ਅਸਾਧਾਰਣ ਵਿਕਾਸ ਅਤੇ ਵਿਕਾਸ ਦਾ ਸਮਾਂ ਹੁੰਦਾ ਹੈ। ਖੋਜ ਦਾ ਇੱਕ ਵੱਡਾ ਹਿੱਸਾ ਸੁਝਾਅ ਦਿੰਦਾ ਹੈ ਕਿ ਦਿਮਾਗ ਦਾ ਲਗਭਗ 90% ਵਿਕਾਸ ਕਿੰਡਰਗਾਰਟਨ ਤੋਂ ਪਹਿਲਾਂ ਹੁੰਦਾ ਹੈ। ਇਸ ਉਮਰ ਦੇ ਬੱਚੇ ਅਵਿਸ਼ਵਾਸ਼ਯੋਗ ਤੌਰ ’ਤੇ ਪ੍ਰਭਾਵਸ਼ਾਲੀ ਹੁੰਦੇ ਹਨ ਅਤੇ, ਇਸ ਲਈ, ਇਸ ਸਮੇਂ ਦੌਰਾਨ ਉਹ ਸਮਾਜਿਕ, ਭਾਵਨਾਤਮਕ, ਅਤੇ ਬੋਧਾਤਮਕ ਹੁਨਰ ਜੋ ਉਹ ਲੈਂਦੇ ਹਨ, ਉਨ੍ਹਾਂ ਦੀ ਬਾਲਗਤਾ ਦੀ ਨੀਂਹ ਰੱਖਣ ਦੀ ਸੰਭਾਵਨਾ ਹੁੰਦੀ ਹੈ। ਦੁਨੀਆ ਭਰ ਦੇ ਰਾਸ਼ਟਰਾਂ ਨੇ ਅਰਲੀ ਚਾਈਲਡਹੁੱਡ ਐਜੂਕੇਸ਼ਨ (ਈਸੀਈ) ਦੀ ਲੋੜ ਅਤੇ ਮਹੱਤਤਾ ਨੂੰ ਸਵੀਕਾਰ ਕੀਤਾ ਹੈ। ਫਿਨਲੈਂਡ ਨੇ, ਖਾਸ ਤੌਰ ’ਤੇ, ਆਪਣੇ ’ਐਜੂਕੇਅਰ’ ਮਾਡਲ ਲਈ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ, ਜੋ ਕਿ ਸਿੱਖਿਆ ਅਤੇ ਦੇਖਭਾਲ1 ਲਈ ਇੱਕ ਏਕੀਕ੍ਰਿਤ ਪਹੁੰਚ ਹੈ। ਇੱਥੇ, ਫਿਨਲੈਂਡ ਦੀ ਸਰਕਾਰ ਬੱਚਿਆਂ ਨੂੰ ਬਹੁਤ ਜਲਦੀ, ਬਹੁਤ ਜ਼ਿਆਦਾ ਸਿੱਖਣ ਲਈ ਦਬਾਅ ਪਾਏ ਬਿਨਾਂ ਬੱਚੇ ਦੇ ਸਿੱਖਣ ਅਤੇ ਵਿਕਾਸ ਦਾ ਸਮਰਥਨ ਕਰਦੀ ਹੈ। ਸੰਖੇਪ ਰੂਪ ਵਿੱਚ, ਸਿੱਖਿਆ ਦੇ ਸ਼ੁਰੂਆਤੀ ਸਾਲਾਂ ਦਾ ਉਦੇਸ਼ ਚੰਗੇ ਗ੍ਰੇਡਾਂ, ਵੱਕਾਰੀ ਡਿਗਰੀਆਂ, ਅਤੇ ਭਾਰੀ ਤਨਖਾਹ ਪੈਕੇਜ ਕਮਾਉਣ ਤੋਂ ਪਰੇ ਹੈ। ਇਸਦਾ ਉਦੇਸ਼ ਬੱਚਿਆਂ ਨੂੰ ਸਿੱਖਣ ਲਈ ਜੀਵਨ ਭਰ ਪਿਆਰ ਪੈਦਾ ਕਰਨ ਵਿੱਚ ਮਦਦ ਕਰਨ ਲਈ ਰਣਨੀਤੀਆਂ ਪ੍ਰਦਾਨ ਕਰਨਾ ਹੈ। ਭਾਰਤ ਸਿੱਖਿਆ ਦੇ ਮੋਰਚੇ ’ਤੇ ਖੜ੍ਹਾ ਹੈ ਛੇ ਸਾਲ ਤੋਂ ਘੱਟ ਉਮਰ ਦੇ 158.7 ਮਿਲੀਅਨ ਤੋਂ ਵੱਧ ਬੱਚਿਆਂ ਦੇ ਨਾਲ, ਦੇਸ਼ ਕੋਲ ਸ਼ੁਰੂਆਤੀ ਬਚਪਨ ਦੇ ਪ੍ਰੋਗਰਾਮਾਂ ਦੀ ਗੁਣਵੱਤਾ ਅਤੇ ਪਹੁੰਚ ਵਿੱਚ ਸੁਧਾਰ ਕਰਕੇ ਆਪਣੇ ਸਮੁੱਚੇ ਵਿਕਾਸ ਨੂੰ ਤੇਜ਼ ਕਰਨ ਦਾ ਇੱਕ ਵਿਲੱਖਣ ਮੌਕਾ ਹੈ। ਪਿਛਲੇ ਸਾਲ, ਕੇਂਦਰੀ ਸਿੱਖਿਆ ਮੰਤਰਾਲੇ ਨੇ ਤਿੰਨ ਤੋਂ ਅੱਠ ਸਾਲ ਦੀ ਉਮਰ ਦੇ ਬੱਚਿਆਂ ਦੀ ਬੁਨਿਆਦੀ ਸਿੱਖਿਆ ਲਈ ਰਾਸ਼ਟਰੀ ਪਾਠਕ੍ਰਮ ਫਰੇਮਵਰਕ (©36) ਪੇਸ਼ ਕੀਤਾ ਸੀ। ਪ੍ਰਾਚੀਨ ਭਾਰਤੀ ਪਰੰਪਰਾਵਾਂ ਤੋਂ ਸੰਕੇਤ ਲੈਂਦੇ ਹੋਏ, ©36 ਨੇ ਇੱਕ ਪੰਚਕੋਸ਼ ਵਿਕਾਸ (ਪੰਜ-ਗੁਣਾ ਵਿਕਾਸ) ਮਾਡਲ ਦਾ ਪ੍ਰਸਤਾਵ ਕੀਤਾ, ਜਿੱਥੇ ਪਾਠਕ੍ਰਮ ਸਰੀਰਕ ਵਿਕਾਸ, ਜੀਵਨ ਊਰਜਾ ਦੇ ਵਿਕਾਸ, ਮਾਨਸਿਕ ਵਿਕਾਸ, ਬੌਧਿਕ ਵਿਕਾਸ, ਅਤੇ ਅਧਿਆਤਮਿਕ ਵਿਕਾਸ ਦੇ ਦੁਆਲੇ ਕੇਂਦਰਿਤ ਹੈ। ਨੈਸ਼ਨਲ ਐਜੂਕੇਸ਼ਨ ਪਾਲਿਸੀ 2020 (NEP 2020) ਨੇ ਪ੍ਰੀ-ਸਕੂਲ ਸਿੱਖਿਆ ਲਈ ਕਈ ਢਾਂਚੇ ਵੀ ਪ੍ਰਸਤਾਵਿਤ ਕੀਤੇ ਹਨ, ਜਿਸ ਵਿੱਚ ਸਟੈਂਡਅਲੋਨ ਆਂਗਣਵਾੜੀ ਕੇਂਦਰਾਂ ਅਤੇ ਬਾਲਵਾਟਿਕਾ ਦੇ ਨਾਲ-ਨਾਲ ਆਂਗਣਵਾੜੀ ਕੇਂਦਰਾਂ ਅਤੇ ਬਾਲਵਾਟਿਕਾ ਦੇ ਪ੍ਰਾਇਮਰੀ ਸਕੂਲਾਂ ਦੇ ਨਾਲ ਕਾਰਜਸ਼ੀਲ ਲਿੰਕੇਜ ਸ਼ਾਮਲ ਹਨ। ਬਿਨਾਂ ਸ਼ੱਕ, ਮੌਜੂਦਾ ਸਿੱਖਿਆ ਮਾਡਲ ਨੂੰ ਸੁਧਾਰਨ ਲਈ ਨੀਤੀਗਤ ਯਤਨ ਹੋਏ ਹਨ। ਹਾਲਾਂਕਿ, ਅਜੇ ਵੀ ਕਈ ਮੁੱਦੇ ਹਨ ਜਿਨ੍ਹਾਂ ਨੂੰ ਹੱਲ ਕਰਨ ਦੀ ਲੋੜ ਹੈ। ਸ਼ੁਰੂਆਤ ਕਰਨ ਲਈ, ਰੋਟ ਸਿੱਖਣ ਅਤੇ ਪ੍ਰੀਖਿਆ-ਕੇਂਦ੍ਰਿਤ ਪਹੁੰਚ ਦਾ ਵਿਆਪਕ ਅਤੇ ਡੂੰਘਾ ਸੰਸਕ੍ਰਿਤੀ, ਜਿੱਥੇ ਸਿੱਖਣ ਅੰਕਾਂ ਦੀ ਪਾਗਲ ਦੌੜ ਵਿੱਚ ਪਿੱਛੇ ਰਹਿ ਜਾਂਦੀ ਹੈ। ਮੁਲਾਂਕਣ ਪ੍ਰਣਾਲੀ ਨੂੰ ਮੁੜ ਵਿਚਾਰਨ ਦੀ ਲੋੜ ਹੈ। ਮੌਜੂਦਾ ਸਿਸਟਮ ਨੂੰ ਮੁੜ-ਹਾਸਲ ਕਰਨ ਦੇ ਨਵੀਨਤਾਕਾਰੀ ਤਰੀਕੇ ਅਸੀਂ ਵਰਤਮਾਨ ਵਿੱਚ ਵਿਦਿਆਰਥੀਆਂ ਨੂੰ ਵਿਸ਼ਾ ਵਸਤੂ ਨੂੰ ਮੁੜ-ਸਥਾਪਿਤ ਕਰਨ ਦੀ ਉਹਨਾਂ ਦੀ ਯੋਗਤਾ ’ਤੇ ਗ੍ਰੇਡ ਕਰ ਰਹੇ ਹਾਂ ਜੋ ਜ਼ਰੂਰੀ ਤੌਰ ’ਤੇ ਉਹਨਾਂ ਦੀਆਂ ਯੋਗਤਾਵਾਂ ਜਾਂ ਗਿਆਨ ਦਾ ਸਹੀ ਪ੍ਰਤੀਬਿੰਬ ਨਹੀਂ ਹੋ ਸਕਦਾ ਹੈ। ਇੱਥੇ ਕਈ ਮੁੱਖ ਰਣਨੀਤੀਆਂ ਹਨ ਜੋ ਸਿੱਖਿਅਕ, ਨੀਤੀ ਨਿਰਮਾਤਾ ਅਤੇ ਹੋਰ ਹਿੱਸੇਦਾਰ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਲਾਭ ਉਠਾ ਸਕਦੇ ਹਨ। ਸਾਰੇ ਵਿਸ਼ਿਆਂ ਲਈ ਬਰਾਬਰ ਸਤਿਕਾਰ: ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਬੱਚੇ ਹਰ ਵਿਸ਼ੇ ਦੀ ਮਹੱਤਤਾ ਨੂੰ ਸਮਝਣ ਅਤੇ ਇਸ ਬਾਰੇ ਉਤਸੁਕਤਾ ਪੈਦਾ ਕਰਨ। ਇਹ ਉਹਨਾਂ ਹੁਨਰਾਂ ਨੂੰ ਬਣਾਉਣ ਵਿੱਚ ਮਦਦ ਕਰੇਗਾ ਜੋ ਸਿਹਤਮੰਦ ਸਵੈ-ਪ੍ਰਗਟਾਵੇ ਅਤੇ ਜੀਵਨ ਵਿੱਚ ਵਿਕਾਸ ਲਈ ਲੋੜੀਂਦੇ ਹਨ। ਇੱਕ ਹੋਰ ਸਾਰਥਕ ਮੁਲਾਂਕਣ ਪ੍ਰਣਾਲੀ: ਸਿੱਖਣ ਦੇ ਨਤੀਜਿਆਂ ਨੂੰ ਸੁਧਾਰਨ ਵੱਲ ਧਿਆਨ ਖਿੱਚਣ ਤੋਂ ਬਦਲੋ। ਇਹ ਕਲਾਸਰੂਮ ਵਿਚਾਰ-ਵਟਾਂਦਰੇ ਅਤੇ ਤਰਕ, ਸਮੱਸਿਆ-ਹੱਲ ਕਰਨ ਦੇ ਹੁਨਰ, ਵਿਸ਼ਲੇਸ਼ਣਾਤਮਕ ਯੋਗਤਾਵਾਂ, ਰਚਨਾਤਮਕਤਾ ਅਤੇ ਤਰਕਸ਼ੀਲ ਫੈਸਲੇ ਲੈਣ ਵਾਲੀਆਂ ਗਤੀਵਿਧੀਆਂ ਦੁਆਰਾ ਵਧੇਰੇ ਰੁਝੇਵੇਂ ਪੈਦਾ ਕਰਕੇ ਕੀਤਾ ਜਾ ਸਕਦਾ ਹੈ। ਖੇਡ ਰਾਹੀਂ ਸਿੱਖਣਾ: ਖੇਡਣਾ ਸਿਹਤਮੰਦ ਹੁੰਦਾ ਹੈ, ਅਤੇ ਸਿੱਖਿਅਕ ਬੱਚਿਆਂ ਨੂੰ ਵੱਖੋ-ਵੱਖਰੀਆਂ ਸੋਚਾਂ ਨੂੰ ਉਤੇਜਿਤ ਕਰਨ ਵਾਲੇ ਸਰੋਤ ਪ੍ਰਦਾਨ ਕਰਕੇ ਸਿੱਖਣ ਨੂੰ ਉਤਸ਼ਾਹਿਤ ਕਰ ਸਕਦੇ ਹਨ। ਅੰਦਰੂਨੀ ਅਤੇ ਬਾਹਰੀ ਦੇ ਇੱਕ ਚੰਗੇ ਮਿਸ਼ਰਣ ’ਤੇ ਵਿਚਾਰ ਕਰੋਗਤੀਵਿਧੀਆਂ ਜੋ ਹਰ ਬੱਚੇ ਦੁਆਰਾ ਸੁਰੱਖਿਅਤ ਢੰਗ ਨਾਲ ਖੇਡੀਆਂ ਜਾ ਸਕਦੀਆਂ ਹਨ। ਬਜਟ ਅਲਾਟਮੈਂਟ ਵਿੱਚ ਸੁਧਾਰ: ਸੈਂਟਰ ਫਾਰ ਬਜਟ ਐਂਡ ਗਵਰਨੈਂਸ ਅਕਾਊਂਟੇਬਿਲਟੀ (ਸੀਬੀਜੀਏ) ਅਤੇ ਗੈਰ-ਲਾਭਕਾਰੀ ਸੇਵ ਦ ਚਿਲਡਰਨ ਫਾਊਂਡੇਸ਼ਨ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਦੇ ਅਨੁਸਾਰ, ਭਾਰਤ ਨੇ 2020-21 ਵਿੱਚ ਆਪਣੇ ਕੁੱਲ ਘਰੇਲੂ ਉਤਪਾਦ (ਜੀਡੀਪੀ) ਦਾ ਸਿਰਫ 0.1% ਸ਼ੁਰੂਆਤੀ ਬਚਪਨ ਦੀ ਸਿੱਖਿਆ ’ਤੇ ਖਰਚ ਕੀਤਾ ਹੈ। . ਸਾਨੂੰ ਫੰਡ ਅਲਾਟਮੈਂਟ ਨੂੰ ਵਧਾਉਣ ਅਤੇ ਇਸ ਨੂੰ ਸਹੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਦੀ ਲੋੜ ਹੈ ਤਾਂ ਜੋ ਬੱਚਿਆਂ ਨੂੰ ਉਮਰ-ਮੁਤਾਬਕ ਦੇਖਭਾਲ ਅਤੇ ਸਿੱਖਿਆ ਮਿਲ ਸਕੇ। ਬਿਹਤਰ ਅਧਿਆਪਕ ਸਿਖਲਾਈ: ਛੋਟੇ ਬੱਚਿਆਂ ਨੂੰ ਪੜ੍ਹਾਉਣਾ ਇੱਕ ਬਹੁਤ ਹੀ ਹੁਨਰਮੰਦ ਕੰਮ ਹੈ ਜਿਸ ਲਈ ਬਾਲ ਵਿਕਾਸ ਦੀ ਸੰਵੇਦਨਸ਼ੀਲ ਸਮਝ ਦੀ ਲੋੜ ਹੁੰਦੀ ਹੈ। ਸਾਨੂੰ ਅਜਿਹੇ ਕੋਰਸਾਂ ਦੀ ਲੋੜ ਹੈ ਜੋ ਪਹੁੰਚਯੋਗ ਅਤੇ ਕਿਫਾਇਤੀ ਹੋਣ। ਅਤੇ ਸਾਨੂੰ ਯੋਗ ਮੁਆਵਜ਼ੇ ਨੂੰ ਨਾ ਭੁੱਲੋ. ਸ਼ੁਰੂਆਤੀ ਬਚਪਨ ਸਾਡੇ ਲਈ ਬੱਚਿਆਂ ਨੂੰ ਵਧੇਰੇ ਅਮੀਰ ਜੀਵਨ ਜਿਉਣ ਵਿੱਚ ਮਦਦ ਕਰਨ ਲਈ ਇੱਕ ਮੌਕਾ ਹੈ। ਇਹ ਸਾਡੀ ਅਰਥਵਿਵਸਥਾ ਨੂੰ ਸੁਧਾਰਨ ਵਿੱਚ ਮੁੱਖ ਭੂਮਿਕਾ ਅਦਾ ਕਰਦਾ ਹੈ ਅਤੇ ਇੱਕ ਦੇਸ਼ ਆਪਣੇ ਸਮੁੱਚੇ ਵਿਕਾਸ ਲਈ ਕਰ ਸਕਦਾ ਹੈ ਸਭ ਤੋਂ ਮਹੱਤਵਪੂਰਨ ਨਿਵੇਸ਼ਾਂ ਵਿੱਚੋਂ ਇੱਕ ਹੈ। ਇਹ ਸਮਾਂ ਆ ਗਿਆ ਹੈ ਕਿ ਅਸੀਂ ਇਸ ਨੂੰ ਉਹ ਮਹੱਤਵ ਦੇਈਏ ਜਿਸ ਦਾ ਇਹ ਹੱਕਦਾਰ ਹੈ ਅਤੇ ਬੱਚਿਆਂ ਦੇ ਸ਼ੁਰੂਆਤੀ ਵਿਕਾਸ ਅਤੇ ਵਿਕਾਸ ਵਿੱਚ ਹੋਰ ਨਵੀਨਤਾ ਲਿਆਉਣ ਲਈ ਕੰਮ ਕਰੀਏ। ਲਾਭ ਸਭ ਨੂੰ ਦੇਖਣ ਲਈ ਹੋਵੇਗਾ।



**ਵਿਜੈ ਗਰਗ**
**ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ ਮਲੋਟ ਪੰਜਾਬ**

# ਪੁਲਿਸ ਨੇ ਕੱਢਿਆ ਫਲੈਗ ਮਾਰਚ

## ਲੋਕ ਕਿਸੇ ਵੀ ਤਰਾਂ ਦੀ ਅਫਵਾਹ ਹੇਠ ਨਾ ਆਉਣ : ਗੋਇਲ



**ਭੀਖੀ/ਲੋਕ ਬਾਣੀ**

ਮਾਨਸਾ ਪੁਲਿਸ ਵੱਲੋਂ ਡੀਐਸਪੀ ਸੰਜੀਵ ਗੋਇਲ ਦੀ ਅਗਵਾਈ ਹੇਠ ਫੌਜ ਦੇ ਸਹਿਯੋਗ ਨਾਲ ਫਲੈਗ ਮਾਰਚ ਕੱਢਿਆ ਗਿਆ ।ਇਸ ਫਲੈਗ ਮਾਰਚ ਵਿੱਚ ਜ਼ਿਲ੍ਹੇ ਦੇ ਵੱਖ ਵੱਖ ਥਾਨਿਆਂ ਦੀ ਪੁਲਿਸ ਫੋਰਸ ਮੋਜੂਦ ਸੀ ।ਇਸ ਮੋਕੇ ਲੋਕਾਂ ਨੂੰ ਸੁਚੇਤ ਕਰਦਿਆਂ ਡੀਐਸਪੀ ਸੰਜੀਵ ਗੋਇਲ ਨੇ ਕਿਹਾ ਕਿ ਲੋਕ ਕਿਸੇ ਵੀ ਤਰਾਂ ਦੀ ਅਫਵਾਹ ਹੇਠ ਨਾ ਆਉਣ ।ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਲੋਕਾਂ ਦੀ ਰਾਖੀ ਲਈ ਹਮੇਸ਼ਾ ਵਚਨਵੱਧ ਹੈ ।ਉਨ੍ਹਾਂ ਲੋਕਾਂ ਨੂੰ ਸੱਚੀਆਂ ਖਬਰਾਂ ਵੱਲ ਧਿਆਨ ਦੇਣ ਦੀ ਅਪੀਲ ਕੀਤੀ ।ਇਸ ਫਲੈਗ ਮਾਰਚ ਦੌਰਾਨ ਪੁਲਿਸ ਬੱਸ ਸਟੈਂਡ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ ਵੱਖ ਬਜਾਰਾਂ ਵਿੱਚੋਂ ਹੁੰਦਾ ਹੋਇਆ ਸਥਾਨਕ ਥਾਣਾ ਵਿਖੇ ਜਾ ਕੇ ਸਮਾਪਤ ਹੋਇਆ ।ਇਸ ਮੌਕੇ ਐਸਐਚਓ ਭੀਖੀ ਕੇਵਲ ਸਿੰਘ, ਸਬ ਇੰਸਪੈਕਟਰ ਅਮਰੀਕ ਸਿੰਘ, ਸਹਾਇਕ ਥਾਣੇਦਾਰ ਭੋਲਾ ਸਿੰਘ, ਸਹਾਇਕ ਥਾਣੇਦਾਰ ਟਰੈਫਿਕ ਕੁਲਵੰਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੁਲਿਸ ਫੋਰਸ ਮੌਜੂਦ ਸੀ।

# ਰੋਟਰੀ ਕਲੱਬ ਆਫ਼ ਲੁਧਿਆਣਾ ਸਿਟੀ ਦੀ ਹੋਈ ਵਿਸ਼ੇਸ਼ ਇੱਕਤਰਤਾ

**ਲੁਧਿਆਣਾ/ਲੋਕ ਬਾਣੀ**

ਇਨਸਾਨੀ ਕਦਰਾਂ ਕੀਮਤਾਂ ਤੇ ਪਹਿਰਾ ਦੇਣਾ ਅਤੇ ਆਪਣੀ ਉਸਾਰੂ ਸੋਚ ਨੂੰ ਸਮਾਜ ਭਲਾਈ ਦੇ ਕਾਰਜਾਂ ਵਿੱਚ ਲਗਾਉਣਾ ਹੀ ਅਸਲ ਮਨੁੱਖੀ ਸੇਵਾ ਹੈ ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰੋਟਰੀਅਨ ਡਾ.ਦੁਸ਼ਯਤ ਚੌਧਰੀ ( ਡੀਸਟ੍ਰਿਕ ਗਵਰਨਰ 3070) ਨੇ ਬੀਤੀ ਸ਼ਾਮ ਸਥਾਨਕ ਹੋਟਲ ਏਬੀਸ ਲੁਧਿਆਣਾ ਵਿਖੇ ਰੋਟਰੀ ਕਲੱਬ ਆਫ਼ ਲੁਧਿਆਣਾ ਸਿਟੀ ਦੇ ਵੱਲੋਂ ਆਯੋਜਿਤ ਕੀਤੀ ਗਈ ਵਿਸ਼ੇਸ਼ ਇੱਕਤਰਤਾ ਦੌਰਾਨ ਰੋਟਰੀ ਕਲੱਬ ਆਫ਼ ਲੁਧਿਆਣਾ ਸਿਟੀ ਦੇ ਸਮੂਹ ਮੈਬਰਾਂ ਤੇ ਕਲੱਬ ਦੇ ਪ੍ਰਮੁੱਖ ਅਹੁਦੇਦਾਰਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ ।ਉਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਸੰਬੋਧਨ ਵਿੱਚ ਕਿਹਾ ਕਿ ਸਮੁੱਚੇ ਵਿਸ਼ਵ ਭਰ ਵਿੱਚ ਮਨੁੱਖਤਾ ਦੀ ਸੇਵਾ ਕਰਨ ਤੇ ਸਮਾਜ ਸੇਵੀ ਕਾਰਜਾਂ ਨੂੰ ਯੋਜਨਾਬੱਧ ਤਰੀਕੇ ਨਾਲ ਚਲਾਉਣ ਲਈ ਜੋ ਸੇਵਾ ਮੁਹਿੰਮ ਰੋਟਰੀ ਕਲੱਬ ਵੱਲੋ ਚਲਾਈ ਜਾ ਰਹੀ ਹੈ ।ਉਹ ਆਪਣੇ ਆਪ ਇੱਕ ਮਿਸਾਲੀ ਕਾਰਜ ਹੈ। ਜਿਸ ਦੇ ਲਈ ਮੈ ਸਮੂਹ ਰੋਟਰੀਅਨ ਮੈਬਰਾਂ ਦਾ ਦਿਲੋਂ ਧੰਨਵਾਦ ਪ੍ਰਗਟ ਕਰਦਾ ਹਾਂ ।ਇਸ ਮੌਕੇ ਡੀਸਟ੍ਰਿਕ ਗਵਰਨਰ

ਨੇ ਸਮੂਹ ਰੋਟਰੀਅਨ ਨੂੰ ਜ਼ੋਰਦਾਰ ਸੱਦਾ ਦੇਦਿਆ ਹੋਇਆ ਕਿਹਾ ਕਿ ਰੋਟਰੀ ਕਲੱਬ ਨੂੰ ਉਹ ਹੋਰ ਮਜ਼ਬੂਤੀ ਪ੍ਰਦਾਨ ਕਰਨ ਲਈ ਵੱਧ ਤੋ ਵੱਧ ਇਸਤਰੀਆਂ ਨੂੰ ਕਲੱਬ ਨਾਲ ਜੋੜਨ ਦਾ ਉਪਰਾਲਾ ਕਰਨ ਤਾਂ ਕਿ ਸੇਵਾ ਕਾਰਜਾਂ ਦੀ ਮੁਹਿੰਮ ਨੂੰ ਹੋਰ ਪ੍ਰਚੰਡ ਕੀਤਾ ਜਾ ਸਕੇ ।ਉਨ੍ਹਾਂ ਨੇ ਰੋਟਰੀ ਕਲੱਬ ਆਫ਼ ਲੁਧਿਆਣਾ ਸਿਟੀ ਦੇ ਪ੍ਰਧਾਨ ਰੋਟਰੀਅਨ ਰਮਨ ਮਲਹੋਤਰਾ ਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋ ਪਿਛਲੇ ਸਮੇਂ ਦੌਰਾਨ ਵਿੱਦਿਆ, ਸਿਹਤ ਅਤੇ ਚੌਗਿਰਦੇ ਦੀ ਸੰਭਾਲ ਪ੍ਰਤੀ ਕੀਤੇ ਗਏ ਸਮੂਹ ਸੇਵਾ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਦੌਰਾਨ ਰੋਟਰੀ ਕਲੱਬ ਆਫ਼ ਲੁਧਿਆਣਾ ਸਿਟੀ ਦੇ

ਸੈਕਟਰੀ ਸ.ਸੁਰਿੰਦਰ ਸਿੰਘ ਕਥੂਰੀਆਂ ਨੇ ਰੋਟਰੀ ਕਲੱਬ ਆਫ਼ ਲੁਧਿਆਣਾ ਸਿਟੀ ਵੱਲੋ ਪਿਛਲੇ ਸਾਲ ਦੌਰਾਨ ਕੀਤੇ ਗਏ ਸਮੂਹ ਸਮਾਜ ਸੇਵੀ ਕਾਰਜਾਂ ਦੀ ਰਿਪੋਰਟ ਅਤੇ ਨਵੇਂ ਆਰੰਭ ਕੀਤੇ ਗਏ ਪ੍ਰੋਜੈਕਟਾਂ ਦਾ ਬਿਉਰਾ ਡੀਸਟ੍ਰਿਕ ਗਵਰਨਰ ਤੇ ਰੋਟਰੀ ਕਲੱਬ ਦੇ ਮੈਬਰਾਂ ਸਾਹਮਣੇ ਪੇਸ਼ ਕੀਤਾ ।ਇਕੱਤਰਤਾ ਦੌਰਾਨ ਰੋਟਰੀ ਕਲੱਬ ਆਫ਼ ਲੁਧਿਆਣਾ ਸਿਟੀ ਦੇ ਪ੍ਰਧਾਨ ਰੋਟਰੀਅਨ ਰਮਨ ਮਲਹੋਤਰਾ, ਐਗਜੀਕੀਉਟਿਵ ਸੈਕਟਰੀ ਡਾ.ਹਰਵਿੰਦਰ ਸਿੰਘ,ਅਸੀਸਟੈਂਟ ਗਵਰਨਰ ਰੋਟਰੀਅਨ ਵਿਜੈ ਆਨੰਦ,ਜ਼ੋਨਲ ਚੇਅਰਮੈਨ ਰੋਟਰੀਅਨ ਹਰੀਸ਼ ਸਿੰਗਲਾ,ਡਿਸਟ੍ਰਿਕ ਕੋਆਰਡੀਨੇਟਰ ਰੋਟਰੀਅਨ ਆਤਮਜੀਤ ਸਿੰਘ ,ਰੋਟਰੀਅਨ ਮੈਡਮ ਪਰਮਜੀਤ ਸੈਨੀ, ਰੋਟਰੀਅਨ ਜਗਮੋਹਨ ਸਿੰਘ,ਡਾ.ਅਨੀਲ ਵਰਮਾ ਸੈਕਟਰੀ (ਆਰ.ਸੀ.ਉ.ਐਲ.ਸੀ) ਅਤੇ ਰੋਟਰੀਅਨ ਸ.ਸੁਰਿੰਦਰ ਸਿੰਘ ਕਥੂਰੀਆਂ ਨੇ ਸਾਂਝੇ ਰੂਪ ਵਿੱਚ ਰੋਟਰੀਅਨ ਡਾ ਦੁਸ਼ਯਤ ਚੌਧਰੀ ( ਡੀਸਟ੍ਰਿਕ ਗਵਰਨਰ 3070) ਨੂੰ ਸਨਮਾਨਿਤ ਵੀ ਕੀਤਾ ।ਇਸ ਮੌਕੇ ਉਨ੍ਹਾਂ ਦੇ ਨਾਲ ਰੋਟਰੀਅਨ ਇੰਜੀ. ਸੁਖਦੇਵ ਸਿੰਘ ਲਾਜ,ਪ੍ਰਿੰ. ਰਣਜੀਤ ਸਿੰਘ ਨੈਸ਼ਨਲ ਐਵਾਰਡੀ,ਰੋਟਰੀਅਨ ਅਜੈਬ ਸਿੰਘ ,

ਰੋਟਰੀਅਨ ਡਾ. ਬਲਬੀਰ ਸਿੰਘ, ਰੋਟਰੀਅਨ ਡਾ. ਤਰਕਜੋਤ ਸਿੰਘ, ਰੋਟਰੀਅਨ ਸਤਿਅਮ ਮਲਹੋਤਰਾ ਡਾ. ਰੈਨੂੰ ਛਤਵਾਲ, ਰੋਟਰੀਅਨ ਸਨਦੀਪ ਕੌਰ, ਰੋਟਰੀਅਨ ਡਾ. ਇੰਦੂ ਵਰਮਾ, ਇੰਦੂ ਮਲਹੋਤਰਾ ਸਮੇਤ ਰੋਟਰੀ ਕਲੱਬ ਆਫ਼ ਲੁਧਿਆਣਾ ਸਿਟੀ ਦੇ ਪ੍ਰਮੁੱਖ ਮੈਬਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।



ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜਤਾਲ, ਪੁਸ਼ਟੀ ਕਰ ਲੈਣ। ਰੋਜਾਨਾ ਲੋਕ ਬਾਣੀ ’ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ਖਬਰਾਂ ਪ੍ਰਤੀ ਜੁਮੇਵਾਰੀ ਸੰਬੰਧਤ ਪੱਤਰਕਾਰ ਦੀ ਹੋਵੇਗੀ।

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,



**ਅਮਨਦੀਪ ਮਹਿਰਾ**
ਮੁੱਖ ਸੰਪਾਦਕ ਰੋਜ਼ਾਨਾ ਲੋਕ ਬਾਣੀ ਜਲੰਧਰ



**ਅੰਮ੍ਰਿਤਪਾਲ ਸਿੰਘ**
ਐਡਵੋਕੇਟ, ਸਬ-ਐਡੀਟਰ ਰੋਜ਼ਾਨਾ ਲੋਕ ਬਾਣੀ



**ਕੁਲਵੰਤ ਰਾਏ**
ਮੈਨੇਜਿੰਗ ਡਾਇਰੈਕਟਰ ਰੋਜ਼ਾਨਾ ਲੋਕ ਬਾਣੀ



**ਵਿਨੈਪਾਲ ਸਿੰਘ**
ਉਪ ਸੰਪਾਦਕ, ਰੋਜ਼ਾਨਾ ਲੋਕ ਬਾਣੀ



**ਹਰਬੰਸ ਸਿੰਘ ਬਿੱਟੂ**
ਪੱਤਰਕਾਰ ਜਲੰਧਰ, ਰੋਜ਼ਾਨ ਲੋਕ ਬਾਣੀ



**ਭੁਪਿੰਦਰ ਸਿੰਘ**
ਸਲਾਹਕਾਰ ਰੋਜਾਨਾ ਲੋਕ ਬਾਣੀ



**ਵਰਿੰਦਰ ਕੁਮਾਰ**
ਵੀਡੀਓ ਵਿਭਾਗ ਇੰਚਾਰਜ ਰੋਜ਼ਾਨਾ ਲੋਕ ਬਾਣੀ



**ਸੁਖਚੈਨ ਮਹਿਰਾ**
ਮਾਲਵਾ ਬਿਓਰੋ ਰੋਜ਼ਾਨਾ ਲੋਕ ਬਾਣੀ



**ਡਾ. ਰਮੇਸ਼ ਕੁਮਾਰ**
ਸਲਾਹਕਾਰ ਰੋਜ਼ਾਨਾ ਲੋਕ ਬਾਣੀ



**ਨਵਨੀਤ ਕੁਮਾਰ**
ਇੰਚਾਰਜ਼ ਪੰਜਾਬ ਰੋਜ਼ਾਨਾ ਲੋਕ ਬਾਣੀ



**ਰਜਿੰਦਰ ਕੁਮਾਰ**
ਸੀਨੀਅਰ ਚੀਫ ਫੋਟੋਗ੍ਰਾਫਰ ਜਲੰਧਰ

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-277080
Ambulance Service 24hrs.
FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

जय भवानी जय मस्ता दी जय शिव शंकर
संकट मोचन दरबार
जो आवे सो राजी जावे
Mob.: 98151-01551
39-A, SHANKER GARDEN, NEAR INCOME TAX COLONY, JALANDHAR
E-mail: luckchanger@consultant.com

राजीव शर्मा

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com
CONTACT : 95010-00697, 97806-0099